## ਤਤਕਰਾ


1. ਚੜ੍ਹ ਜਾ ਜਹਾਜ 'ਤੇ ................................ 11
2. ਮੈਂ ਮਹਾਂਪੁਰਸ਼ ਨਹੀਂ ਹਾਂ ................................ 33
3. ਗ੍ਰਹਿਸਤ ਦਾ ਗੱਡਾ ................................... 57
4. ਸਿਆਸਤ ਇਕ ਸਕੂਲ ਦੀ ............................. 77

# ਚੜ੍ਹ ਜਾ ਜਹਾਜ਼ 'ਤੇ

**ਪਾਤਰ**

ਸਾਹਬੀ, ਉਮਰ 28 ਸਾਲ

ਬੂਟਾ ਸਿੰਘ, ਉਮਰ 52 ਸਾਲ

ਅਫ਼ਸਰ

ਨੇਤਾ

ਨੌਂਜਵਾਨ

ਕੁਲਵੰਤ ਕੌਰ, ਉਮਰ 50 ਸਾਲ

ਬੰਤਾ, ਬੱਗਾ-ਵੱਖ-ਵੱਖ ਭੂਮਿਕਾਵਾਂ ਵਿੱਚ

# ਚੜ੍ਹ ਜਾ ਜਹਾਜ਼ 'ਤੇ

(ਸਟੇਜ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ। ਸਟੇਜ ਨੰ. 1 ਵਿੱਚ ਬੂਟਾ ਸਿੰਘ ਦੇ ਘਰ ਦੇ ਵਿਹੜੇ ਲਈ ਹੈ। ਸਟੇਜ ਨੰ. 2 ਦਫ਼ਤਰ ਦਾ ਕੰਪਲੈਕਸ ਹੈ ਅਤੇ ਸਟੇਜ ਨੰ. 3 ਅਮਰੀਕਾ ਦਾ ਕੋਈ ਸਥਾਨ ਹੈ।)

**(ਰੋਸ਼ਨੀ ਸਟੇਜ ਨੰ. 1 ਤੇ ਪੈਂਦੀ ਹੈ)**

ਸਾਹਬੀ ਨੇ ਹੱਥ ਵਿੱਚ ਪੁਸਤਕ ਫੜੀ ਹੈ ਅਤੇ ਇਕ ਕਵਿਤਾ ਪੜ੍ਹ ਰਿਹਾ ਹੈ।

ਸਾਹਬੀ : ਤੱਕਦੇ ਬਹਾਰ ਆਉਂਦੀ, ਪਤਝੜ ਉਡ ਪੁਡ ਜਾਂਦੀ
ਸੋਹਣੀ, ਮਿੱਠੀ, ਤਾਜ਼ੀ ਉਹ ਤਸਵੀਰ ਹੈ।
ਸਖੀਆਂ ਦੇ ਘੇਰੇ ਵਿੱਚ ਘਿਰੀ ਉਹ
ਲੱਗਦੀ ਨਿਰੀ ਸਿਆਲਾਂ ਦੀ ਹੀਰ ਹੈ।
ਜਿਉਂ ਸਾਧਾਂ ਦਾ ਜਾ ਰਿਹਾ ਇੱਕ ਟੋਲਾ
ਵਿੱਚ ਜਾਂਦਾ ਜਾਹਰਾ ਪੀਰ ਹੈ।
ਆਸੇ ਪਾਸੇ ਢਾਲਾਂ ਚਾਹੇ ਖੜ੍ਹੀਆਂ ਹਨ
ਫੱਟੜ ਕਰਦਾ ਫਿਰ ਵੀ ਉਸ ਦਾ ਤੀਰ ਹੈ।
ਛੱਲਾਂ ਮਾਰੇ ਉਪਰ ਉੱਠ ਉੱਠ ਕੇ
ਵਗਦੀ ਗੰਗਾ ਦਾ ਉਹ ਠੰਡਾ ਨੀਰ ਹੈ।
ਜਿਧਰ ਨਜ਼ਰਾਂ ਸੁੱਟੇ ਮੇਲਾ ਲੁੱਟ ਲਵੇ
ਮੈਂ ਸਮਝਾਂ ਉਹ ਮੇਰੀ ਤਕਦੀਰ ਹੈ।

ਜਿਸ ਦਿਨ ਦਾ ਮੈਂ ਉਹਨੂੰ ਤੱਕਿਐ, ਇਸ ਕਿਤਾਬ ਦੀ ਇਹੋ ਕਵਿਤਾ ਹੀ ਕਿਉਂ ਮੈਨੂੰ ਚੰਗੀ ਲੱਗਦੀ ਹੈ? ਕੀ ਮੈਂ ਰੁਮਾਂਟਿਕ ਹੋ ਗਿਆਂ? ਜਦੋਂ ਬੰਦਾ ਇਹੋ ਜਿਹੇ ਕਿੱਸੇ ਪੜ੍ਹਦੈ ਤਾਂ ਉਹਨੂੰ ਲੋਕ ਕਹਿੰਦੇ ਨੇ-ਪਾਗਲ ਹੋ ਗਿਐ। ਕੀ ਮੈਂ ਪਾਗਲ ਹੋ ਗਿਆਂ? ਚੰਗਾ ਭਲਾ ਸਿਆਣਾ ਸੀ, ਮੈਨੂੰ ਕੀ ਹੋ ਗਿਐ? ਪਰ......ਪਰ ਮੈਨੂੰ ਤਾਂ ਪੜ੍ਹਨਾ ਚਾਹੀਦੈ। ਹਾਂ ਮੈਂ ਇਹ ਕਿਤਾਬ ਪੜ੍ਹਾਂਗਾ, ਕੰਪੀਟੀਸ਼ਨ 'ਚ ਕਾਮਯਾਬ ਹੋਵਾਂਗਾ ਤੇ ਚੰਗੀ ਪੋਸਟ ਹਾਸਲ ਕਰਾਂਗਾ ਤੇ ਫਿਰ ਹੀ ਮੈਂ ਆਪਣੀ ਨੂਰੀ ਨਾਲ

ਵਿਆਹ.....ਗੱਲਾਂ ਤਾਂ ਮੈਂ ਸਿਆਣਿਆਂ ਵਾਲੀਆਂ ਕਰਨ ਲੱਗ ਪਿਆਂ। ਵਾਹ ਸਾਹਬੀ! ਤੂੰ ਇੱਕ ਦਿਨ ਜ਼ਰੂਰ ਸਾਹਬ ਬਣੇਂਗਾ।

(**ਸਾਹਬੀ ਦਾ ਪਿਤਾ ਬੂਟਾ ਸਿੰਘ ਆਉਂਦਾ ਹੈ**)

ਬੂਟਾ ਸਿੰਘ : ਕਿਹਦੇ ਨਾਲ ਗੱਲਾਂ ਕਰ ਰਿਹੈਂ?

ਸਾਹਬੀ : ਆਪਣੀ ਕਿਤਾਬ ਨਾਲ।

ਬੂਟਾ ਸਿੰਘ : ਕੀ ਦੇਵੇਗੀ ਕਿਤਾਬ?

ਸਾਹਬੀ : ਚਾਨਣ, ਫੈਲੇ ਵਿਦਿਆ ਚਾਨਣ ਹੋਏ।

ਬੂਟਾ ਸਿੰਘ : ਅੱਜ ਦੇ ਸਮੇਂ ਵਿੱਚ ਇਹ ਗੱਲ ਝੂਠੀ ਹੋ ਗਈ ਏ। ਅੱਜ ਚਾਨਣ ਹੁੰਦੈ ਡਾਲਰਾਂ ਦੀ ਚਮਕ ਦਮਕ ਨਾਲ। ਯੂਰੋ, ਡਾਲਰ ਤੇ ਪੌਂਡ ਅੱਜ ਦੇ ਬਾਦਸ਼ਾਹ ਬਣ ਗਏ ਨੇ। ਪੜ੍ਹਿਆਂ ਨੂੰ ਕਿਹੜਾ ਨੌਕਰੀਆਂ ਪਈਆਂ ਮਿਲਦੀਆਂ ਨੇ।

ਸਾਹਬੀ : ਪਾਪਾ, ਹੋਰ ਅਨਪੜ੍ਹਾਂ ਨੂੰ ਨੌਕਰੀਆਂ ਮਿਲਦੀਆਂ ਨੇ!

ਬੂਟਾ ਸਿੰਘ : ਮੈਨੂੰ ਇਹ ਦੱਸ ਆਹ ਕਿਤਾਬ ਤੈਨੂੰ ਕਿਹੜੀ ਨੌਕਰੀ ਦਿਵਾਏਗੀ?

ਸਾਹਬੀ : ਕੋਈ ਨਾ ਕੋਈ ਤਾਂ ਮਿਲੇਗੀ ਹੀ.......

ਬੂਟਾ ਸਿੰਘ : ਪਰ ਇਹ ਤਾਂ ਨਹੀਂ ਪਤਾ ਕਿਹੜੀ ਸਰਵਿਸ ਮਿਲੇਗੀ, ਕਦੋਂ ਮਿਲੇਗੀ। ਗਿਣਤੀਆਂ ਮਿਣਤੀਆਂ ਕਰਦਾ ਕਰਦਾ ਬੁੱਢਾ ਹੋ ਜਾਵੇਂਗਾ ਜਿਵੇਂ ਮੈਹਰਿਆਂ ਦਾ ਕਾਲੂ ਹੋ ਗਿਐ। ਮੂੰਹ 'ਚ ਚਿੱਬ ਪੈ ਗਏ ਉਹਦੇ ਪੜ੍ਹ ਪੜ੍ਹ ਕੇ ਤੇ ਵਿਆਹ ਦੀ ਆਸ ਵੀ ਧੂੜ ਮਿੱਟੀ ਹੁੰਦੀ ਜਾ ਰਹੀ ਏ।

ਸਾਹਬੀ : ਪਾਪਾ, ਪੰਜੇ ਉਂਗਲਾਂ ਇੱਕੋ ਜਿਹੀਆਂ ਤਾਂ ਨਹੀਂ ਹੁੰਦੀਆਂ, ਮੈਂ ਆਪਣੀ ਕਿਸਮਤ ਖੁਦ ਘੜਾਂਗਾ।

ਬੂਟਾ ਸਿੰਘ : ਇਥੇ ਲੋਕ, ਕਿਸਮਤ ਘੜਦੇ ਘੜਦੇ ਕਿਸਮਤ ਦੀ ਰੇਖਾ ਨੂੰ ਹੀ ਮਿਟਾ ਬੈਠਦੇ ਨੇ। ਛੱਡ ਦੇ ਕਿਤਾਬਾਂ ਨਾਲ ਮੱਥਾ ਮਾਰਨਾ ਤੇ ਭਰਦੇ ਫਾਰਮ ਬਿੱਲੂ ਏਜੰਟ ਕੋਲ ਜਾ ਕੇ ਤੇ....

ਸਾਹਬੀ : ਬਣਾ ਲਵਾਂ ਪਾਸਪੋਰਟ?

ਬੂਟਾ ਸਿੰਘ : ਇਸ ਤੋਂ ਬਿਨਾਂ ਚਾਰਾ ਵੀ ਕੋਈ ਨਹੀਂ।

ਸਾਹਬੀ : ਵਿਦੇਸ਼ ਵਿੱਚ ਵੀ ਤਾਂ ਲੇਬਰ ਹੀ ਕਰਨੀ ਏ। ਇਥੇ ਲੇਬਰ ਕਰ ਲਵਾਂਗਾ।

ਬੂਟਾ ਸਿੰਘ : ਇਥੇ ਲੇਬਰ ਕੀਤਿਆਂ ਲੱਭਦਾ ਵੀ ਕੀ ਏ? ਜੂੰਆਂ, ਸਾਰੀ ਉਮਰ ਲੇਬਰ ਕਰ ਕੇ ਵੀ ਇੱਕ ਮੰਜੀ ਡਾਹੁਣ ਜੋਗੀ ਥਾਂ ਨਹੀਂ ਬੰਦਾ ਲੈ ਸਕਦਾ।



ਸਾਹਬੀ : ਤਾਂ ਫਿਰ ਮੈਨੂੰ ਪਾਸਪੋਰਟ ਬਣਾਉਣਾ ਹੀ ਪਵੇਗਾ?

ਬੂਟਾ ਸਿੰਘ : ਘਰ ਦੀ ਗਰੀਬੀ ਨਿਕਲ ਜਾਵੇਗੀ ਪੁੱਤਰਾ। ਮੈਂ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋਇਆ ਰਿਹਾਂ, ਕੋਈ ਚੱਜ ਦਾ ਦਿਨ ਨਾ ਆਇਆ ਸਾਡੀ ਜ਼ਿੰਦਗੀ ਵਿੱਚ, ਅਸੀਂ ਤਾਂ ਧਰਤੀ 'ਤੇ ਬਸ ਕੀੜੇ ਮਕੌੜੇ ਹੀ ਤੁਰੇ ਫਿਰਦੇ ਆਂ.....ਪੁੱਤਰਾ! ਸ਼ਰੀਕਾਂ ਵੱਲ ਈ ਝਾਤੀ ਮਾਰ। ਮਿਲਾਉਂਦੇ ਨੇ ਅੱਖਾਂ ਕਿਤੇ? ਅਸੀਂ ਉਨ੍ਹਾਂ ਦੇ ਘਰ ਜਾਈਏ, ਸਾਨੂੰ ਬੈਠਣ ਲਈ ਨਹੀਂ ਕਹਿੰਦੇ। ਭਲਾ ਕਿਉਂ? ਅਸੀਂ ਸੜਕ 'ਤੇ ਪੈਦਲ ਹੀ ਜਾਂਦੇ ਹੋਈਏ ਤਾਂ ਉਹ ਨਵੇਂ ਤੋਂ ਨਵੇਂ ਮਾਡਲ ਦੀ ਕਾਰ 'ਚ ਝੂਟੇ ਲੈਂਦੇ ਨੇ, ਕਮਬਖਤ ਜਦੋਂ ਸਾਡੇ ਕੋਲੋਂ ਲੰਘਦੇ ਨੇ ਤਾਂ ਕਾਰ ਨੂੰ ਇਕਦਮ ਤੇਜ਼ ਕਰ ਦਿੰਦੇ ਨੇ ਤੇ ਸਾਡੇ ਸਿਰ 'ਚ ਮਣ ਮਣ ਮਿੱਟੀ ਪਾ ਕੇ 'ਉਹ ਗਏ' 'ਉਹ ਗਏ' ਅੱਖਾਂ ਤੋਂ ਓਹਲੇ ਹੋ ਜਾਂਦੇ ਨੇ। ਇਹ ਸੱਚ ਨਹੀਂ?

ਸਾਹਬੀ : ਹੂੰਅ.....

ਬੂਟਾ ਸਿੰਘ : ਸਾਡਾ ਕਿਹੜਾ ਦਿਲ ਨਹੀਂ ਕਰਦਾ ਕਿ ਤੂੰ ਸਾਡੀਆਂ ਅੱਖਾਂ ਅੱਗੇ ਨਾ ਰਹੇਂ ਪਰ ਕੀ ਕਰੀਏ.....ਇਹ ਅੱਖਾਂ ਜੋ ਕੁੱਝ ਵੇਖ ਰਹੀਆਂ ਨੇ..... ਚੰਗਾ ਨਹੀਂ ਲੱਗਦਾ।

ਸਾਹਬੀ : ਤਾਂ ਫਿਰ ਮੈਨੂੰ ਜਾਣਾ ਹੀ ਪਵੇਗਾ......

ਬੂਟਾ ਸਿੰਘ : ਪਰ ਦਿਲ ਨਹੀਂ ਖਰਾਬ ਕਰਨਾ ਪੁੱਤਰਾ..... ਬਾਹਰਲੇ ਦੇਸ਼ਾਂ ਦੀ ਰੀਸ ਕਿੱਥੇ। ਮੈਂ ਸੁਣਿਐ ਉਥੇ ਪੈਸਿਆਂ ਦੇ ਢੇਰ ਲੱਗੇ ਪਏ ਨੇ, ਬੰਦਾ ਹਿੰਮਤ ਕਰ ਕੇ ਜਿੰਨੇ ਮਰਜ਼ੀ ਕੱਠੇ ਕਰ ਲਵੇ। ਉਧਰੋਂ ਬੋਰੀਆਂ ਭਰ-ਭਰ ਕੇ ਨੋਟ ਐਧਰ ਆਉਂਦੇ ਨੇ।

ਸਾਹਬੀ : ਪਰ ਉਥੇ ਐਨੇ ਪੈਸੇ ਕਿਧਰੋਂ ਅਸਮਾਨੋਂ ਡਿੱਗੇ ਨੇ?

ਬੂਟਾ ਸਿੰਘ : ਉਥੇ ਦੀ ਤਾਂ ਗੱਲ ਈ ਅਚਰਜ ਏ। ਉਹ ਪਰੀਆਂ ਦੇ ਦੇਸ਼ ਨੇ। ਕਹਿੰਦੇ ਨੇ ਉਥੇ ਦੇ ਰੁੱਖਾਂ ਨੂੰ ਵੀ ਪੈਸੇ ਲੱਗੇ ਨੇ, ਜਿੰਨੇ ਮਰਜ਼ੀ ਕੱਠੇ ਕਰ ਲਏ ਬੰਦਾ ਰੁੱਖਾਂ ਨੂੰ ਹਿਲਾ ਹਿਲਾ ਕੇ। ਤੂੰ ਬੱਸ ਪਾਸਪੋਰਟ ਬਣਾਉਣ ਦੀ ਕਰ।

ਸਾਹਬੀ : ਹਾਂ ਪਾਪਾ, ਤੂੰ ਆਪਣੇ ਹਿਸਾਬ ਨਾਲ ਠੀਕ ਈ ਕਹਿ ਰਿਹੈਂ। ਹੁਣ ਇਸ ਧਰਤੀ 'ਤੇ ਪਾਸਪੋਰਟ ਈ ਜਨਮ ਲਿਆ ਕਰਨਗੇ।

ਗੀਤ : ਇਹ ਧਰਤੀ 'ਤੇ ਬੀਜ ਸੁੱਟਿਆ
ਤੇ ਹੁਣ ਉੱਗਦੇ ਨਿੱਤ ਪਾਸਪੋਰਟ।
ਡਾਲਰ ਖਾਂਦੇ ਯੂਰੋ ਪੀਂਦੇ
ਪੌਂਡਾਂ ਦੀ ਕਰਦੇ ਛੋਟ।

ਮੂੰਗਫਲੀ ਨੂੰ ਕੋਈ ਨਹੀਂ ਪੁੱਛਦਾ
ਜਿੱਥੇ ਹੋਣ ਅਖਰੋਟ।
ਇਹ ਧਰਤੀ ਤੇ.....

ਬੂਟਾ ਸਿੰਘ : ਪੁੱਤਰਾ, ਮੇਰੀਆਂ ਗੱਲਾਂ ਵੱਲ ਗੌਰ ਕਰੀਂ, ਐਵੇਂ ਸੁੱਟ ਨਾ ਦੇਵੀਂ। ਤੂੰ ਮਨ ਬਣਾ, ਮੈਂ ਖੇਤਾਂ ਵੱਲੋਂ ਪੱਠੇ ਵਗੈਰਾ ਲੈ ਆਵਾਂ। ਲੰਡੀ ਕੱਟੀ ਨੂੰ ਪਾਣੀ ਡਾਹ ਆਵਾਂ। (ਬੂਟਾ ਸਿੰਘ ਚਲਾ ਜਾਂਦਾ ਹੈ)

ਸਾਹਬੀ : (ਆਪਣੇ ਆਪ ਨਾਲ) ਕੀ ਸਾਰੇ ਲੋਕ ਪਾਸਪੋਰਟ ਬਣਾ ਲੈਣਗੇ ਤੇ ਵੀਜ਼ਾ ਲੈਣ ਲੰਮੀਆਂ-ਲੰਮੀਆਂ ਲਾਈਨਾਂ ਵਿੱਚ ਖੜ੍ਹੇ ਹੋਇਆ ਕਰਨਗੇ? ਪੰਜ ਪਾਣੀਆਂ ਦੀ ਧਰਤੀ 'ਤੇ ਕਿਹੜਾ ਪੰਜਾਬੀ ਰਹੇਗਾ? ਤਾਂ ਫਿਰ ਇੱਥੇ ਉੱਲੂ ਬੋਲਿਆ ਕਰਨਗੇ? ਪਰ..... ਮੇਰੀ ਇਹ ਕਿਤਾਬ ਮੇਰੀ ਦੋਸਤ ਏ, ਪੱਕੀ ਦੋਸਤ। ਮੈਨੂੰ ਦੋਸਤੀ ਤੋੜਣੀ ਪਵੇਗੀ? ਨਹਿਰ ਦੇ ਕੰਢੇ ਕੰਢੇ ਸੈਰ ਕਰਨਾ ਤਾਂ ਇਹ ਪੁਸਤਕ ਦੇ ਪੰਨੇ ਤੇ ਉਧਰ ਨਹਿਰ ਦੇ ਪਾਣੀ ਦੀ ਤੋਰ.....ਇੱਕੋ ਜਿਹੀ ਲੱਗਦੀ ਏ। ਆਦਮੀ ਨੇ ਰੋਟੀ ਹੀ ਖਾਣੀ ਏ.... ਜੇ ਇੱਥੇ ਰੋਟੀ ਮਿਲਦੀ ਹੋਵੇ ਤਾਂ ਕੀ ਲੋੜ ਏ ਬਾਹਰ ਧੱਕੇ ਖਾਣ ਦੀ। ਮੈਂ ਪਾਸਪੋਰਟ ਨਹੀਂ ਬਣਾਵਾਂਗਾ।

(ਸੰਤਾ ਅਤੇ ਬੰਤਾ ਆਉਂਦੇ ਹਨ)

ਸੰਤਾ : ਪਾਸਪੋਰਟ ਨਹੀਂ ਬਣਾਵਾਂਗਾ, ਹਾ....ਹਾ....ਹਾ

ਬੰਤਾ : ਹਾ.....ਹਾ.......ਹਾ........ਹਾ।

(ਦੋਵੇਂ ਵਾਰ-ਵਾਰ ਹੱਸਦੇ ਹਨ)

ਸਾਹਬੀ : ਕਿਉਂ ਹੱਸਦੇ ਹੋ? ਕਿਹਦੇ 'ਤੇ ਹੱਸਦੇ ਹੋ?

ਸੰਤਾ : ਤੇਰੇ 'ਤੇ।

ਬੰਤਾ : ਨਹੀਂ ਸੱਚ ਤੇਰੀ ਅਕਲ 'ਤੇ।

ਸਾਹਬੀ : ਕੀ ਹੋਇਆ ਮੇਰੀ ਅਕਲ ਨੂੰ?

ਸੰਤਾ : ਤੇਰੀ ਅਕਲ ਦੇ ਦੰਦੇ ਕੁੱਛ ਜ਼ਿਆਦਾ ਈ ਤਿੱਖੇ ਹੋ ਗਏ ਨੇ।

ਬੰਤਾ : ਇਹ ਨਹੀਂ ਬੋਲਦਾ, ਇਹਦੀ ਕਿਤਾਬ ਬੋਲਦੀ ਏ। ਕੀ ਏ ਇਹਦੇ ਵਿੱਚ?

ਸਾਹਬੀ : ਇਹਦੇ ਵਿੱਚ ਚਾਨਣ ਏ, ਗਿਆਨ ਏ। ਇਹ ਜੀਵਨ ਜਾਚ ਦੱਸਦੀ ਏ, ਤੁਹਾਡੇ ਜਿਹੇ ਖੋਤਿਆਂ ਨੂੰ ਕੀ ਸਾਰ ਏ ਇਹਦੀ।

ਸੰਤਾ : ਕੁੱਝ ਜ਼ਿਆਦਾ ਬਰੀਕੀ ਦੀਆਂ ਗੱਲਾਂ ਕਰ ਰਿਹੈ।

ਬੰਤਾ : ਜਾਪਦੈ ਸਿਆਣਪ ਦੇ ਸਿੰਗ ਉੱਗ ਪਏ ਨੇ।



ਸੰਤਾ : ਪਰ ਇਹਨੇ ਦੁਨੀਆਂ ਦੇ ਧੱਕੇ ਨਹੀਂ ਖਾਧੇ।

ਬੰਤਾ : ਇੱਕ ਧੱਕਾ ਖਾਧਾ ਤਾਂ ਇਹਦੀ ਸਾਰੀ ਵਿਚਾਰਧਾਰਾ ਗੋਲ ਹੋ ਜਾਵੇਗੀ। ਕਹਿ ਰਿਹਾ ਸੀ ਪਾਸਪੋਰਟ ਨਹੀਂ ਬਣਾਵਾਂਗਾ ਤੇ ਧੱਕੇ ਵੀ ਨਹੀਂ ਖਾਵਾਂਗਾ।

ਸਾਹਬੀ : ਹਾਂ ਹਾਂ, ਨਹੀਂ ਬਣਾਵਾਂਗਾ ਪਾਸਪੋਰਟ।

ਸੰਤਾ : ਗੱਲ ਸੁਣ, ਰੁਲਦਾ ਸਿੰਘ ਹੈ ਨਾ? ਉਹਨੇ ਪਾਸਪੋਰਟ ਬਣਾਇਆ, ਆਪਾਂ ਉਹਨੂੰ ਜਹਾਜ਼ 'ਤੇ ਚੜ੍ਹਾਇਆ ਤੇ ਨਾਲ ਹੀ ਰੱਬ ਦੀ ਨਿਗ੍ਹਾ ਵੀ ਸਿੱਧੀ ਹੋ ਗਈ ਤੇ ਕੱਖੋਂ ਲੱਖ ਹੋ ਗਿਐ ਰਾਤੋ ਰਾਤ।

ਬੰਤਾ : ਔਹ ਵੇਖ ਗਾਮੇ ਗੱਪੀ ਵੱਲ, ਉਹਦੇ ਮੁੰਡੇ ਨੂੰ ਅਸੀਂ ਬਾਹਰ ਭੇਜਿਆ ਸੀ, ਮੁੰਡਾ ਫੁੱਲਾਂ ਵਾਂਗ ਕਨੇਡਾ ਪਹੁੰਚਿਆ। ਗਾਮੇ ਦੀ ਤਾਂ ਜੂਨ ਈ ਬਦਲ ਗਈ, ਪਹਿਲਾਂ ਹੱਲ ਵਾਹੁੰਦੇ 2 ਲੰਡੇ ਝੋਟੇ ਦੀ ਪੂਛ ਖਿੱਚ-ਖਿੱਚ ਉਹਦੀਆਂ ਬਾਹਵਾਂ ਵਿੱਚ ਖੱਲੀਆਂ ਪੈ ਜਾਂਦੀਆਂ ਸੀ ਤੇ ਹੁਣ ਰਾਜ ਕਰਦੈ। ਲੋਕ ਗਾਮੇ ਗੱਪੀ ਨੂੰ ਸਰਦਾਰ ਗੁਰਨਾਮ ਸਿੰਘ ਕਹਿਣ ਲੱਗ ਪਏ ਨੇ।

ਸੰਤਾ : ਅਗਲਾ ਪੰਚੈਤ ਦਾ ਮੈਂਬਰ ਵੀ ਬਣ ਗਿਐ। ਉਹ ਵੀ ਸਮਾਂ ਸੀ ਚਾਰ ਬੰਦਿਆਂ ਵਿੱਚ ਉਹਨੂੰ ਗੱਲ ਨਹੀਂ ਸੀ ਕਰਨੀ ਆਉਂਦੀ, ਹੁਣ ਭਰੀ ਪੰਚੈਤ ਵਿੱਚ ਚਪੜ ਚਪੜ ਕਰਦੈ।

ਸਾਹਬੀ : ਜਿਵੇਂ ਤੁਸੀਂ ਚਪੜ ਚਪੜ ਕਰਦੇ ਹੋ।

ਬੰਤਾ : ਨਹੀਂ ਤੂੰ ਕਰਦੈਂ। ਦਰਸ਼ੂ ਵੱਲ ਈ ਵੇਖ ਜਿਹਦੇ ਸਿਰ ਵਿੱਚ ਜੂੰਆਂ ਕਬੱਡੀ ਖੇਡਦੀਆਂ ਹੁੰਦੀਆਂ ਸੀ, ਜਿਸ ਦਿਨ ਦੇ ਉਹਦੇ ਦੋਵੇਂ ਮੁੰਡੇ ਬਾਹਰ ਗਏ ਨੇ, ਲੋਕ ਉਹਨੂੰ ਸਰਦਾਰ ਦਰਸ਼ਨ ਸਿੰਘ ਕਹਿੰਦੇ ਨੇ ਤੇ ਰਾਹ ਵਿੱਚ ਖੜ੍ਹੇ ਹੋ ਕੇ ਉਹਦੇ ਦਰਸ਼ਨ ਕਰਦੇ ਨੇ। ਕੱਲ੍ਹ ਇਕ ਗੌਣ ਵਜੌਣ ਵਾਲੇ ਪ੍ਰੋਗਰਾਮ ਦਾ ਉਹਨੇ ਫੀਤਾ ਕੱਟਿਆ। ਕਿਆ ਨਜ਼ਾਰਾ ਸੀ, ਉਹਦੇ ਗੱਲ ਵਿੱਚ ਹਾਰ, ਸਲਾਮਾਂ ਕਰਨ ਵਾਲੇ ਹਜ਼ਾਰ ਤੇ ਫੋਟੋਗ੍ਰਾਫਰਾਂ ਨੂੰ ਜਿਵੇਂ ਭੂਚਾਲ ਆ ਗਿਆ ਹੋਵੇ। ਵਿਆਹੀ ਜਾ ਰਹੀ ਦੁਲਹਨ ਵਾਂਗ ਉਹਦੇ ਛੱਤੀ ਤਰ੍ਹਾਂ ਦੇ ਪੋਜ ਤਿਆਰ ਕਰ ਦਿੱਤੇ।

ਸੰਤਾ : ਤੇ ਪਹਿਲਾਂ ਕੀ ਸੀ ਉਹਦਾ ਹਾਲ?

ਬੰਤਾ : ਪਹਿਲਾਂ ਮੋਏ ਜਾਣਦੇ ਸੀ ਉਹਨੂੰ। ਚਾਰ ਬੰਦਿਆਂ ਵਿੱਚ ਉਹਨੂੰ ਕੌਣ ਖਲੋਣ ਦਿੰਦਾ ਸੀ।

ਸੰਤਾ : ਸਰਬਣ ਵੱਲ ਈ ਵੇਖ, ਪਹਿਲਾਂ ਕੱਪੜੇ ਧੋਣ ਵਾਲੇ ਮੋਟੇ ਸਾਬਣ ਨਾਲ ਨਹਾ ਕੇ ਪਿੰਡਾ ਛਿੱਲ ਲੈਂਦਾ ਸੀ, ਜਿਸ ਦਿਨ ਦੇ ਮੁੰਡੇ ਦੇ ਬਾਹਰੋਂ ਪੈਸੇ

ਆਉਣੇ ਸ਼ੁਰੂ ਹੋਏ ਨੇ, ਲਕਸ ਵਰਗੇ ਸਾਬਣ ਵੱਲ ਵੇਖ ਕੇ ਵੀ ਨੱਕ ਚੜ੍ਹਾਉਂਦਾ ਏ। ਛੱਤੀ ਤਰ੍ਹਾਂ ਦੀਆਂ ਮਜਾਜਾਂ ਕਰਦਾ ਏ, ਸਾਰੇ ਸਰੀਰ 'ਤੇ ਸੈਂਟ ਛਿੜਕਾ ਕੇ ਚਿੱਟੀ ਦਾਹੜੀ ਨੂੰ ਲਾ ਕੇ ਕਾਲੀ ਮੈਂਹਦੀ, ਹੱਟੇ ਕੱਟੇ ਸਾਹਨ ਵਾਂਗੂੰ ਤੁਰਿਆ ਫਿਰਦੈ।

ਬੰਤਾ : ਉਹਨੂੰ ਜਵਾਨੀ ਦੁਬਾਰਾ ਪੁੰਗਰਨੀ ਸ਼ੁਰੂ ਹੋ ਗਈ ਏ।

ਸੰਤਾ : ਆਹੋ, ਵੀਹ ਸਾਲ ਹੋ ਗਏ ਰੰਡੇ ਹੋਏ ਨੂੰ। ਪੈਸਾ ਹੋ ਗਿਐ ਪਤਾ ਨਹੀਂ ਕਿੱਥੋਂ ਲੈ ਆਇਐ ਦੋ ਲੱਖ 'ਚ ਸੈਕਿੰਡ ਹੈਂਡ ਜਨਾਨੀ।

ਬੰਤਾ : ਉਹਦੇ ਮੁੰਡੇ ਨੇ ਬਾਹਰੋਂ ਭੇਜਿਆ ਇੱਕ ਹਜ਼ਾਰ, ਇੱਥੇ ਬਣ ਗਿਐ ਸੱਠ ਹਜ਼ਾਰ।

ਸੰਤਾ : ਭੰਗੜਾ ਪਾਉਂਦਾ ਪਿਆ ਪਰਿਵਾਰ। ਕਿਹੜਾ ਗੀਤ ਸੀ?

ਬੰਤਾ : ਆਹ ਸੁਣੀਂ (ਗੀਤ ਦੀ ਆਵਾਜ਼) ਤੇਰੇ ਨੱਚਿਆਂ ਫ਼ਰਕ ਨਹੀਂ ਪੈਣਾ ਤੂੰ ਨੱਚ ਕੇ ਮਨਾ ਲੈ ਯਾਰ ਨੂੰ, ਨੱਚ ਕੇ ਮਨਾ ਲੈ ਸਾਹਬੀ ਨੂੰ......

(ਨੱਚਦੇ ਹੋਏ) ਸਾਹਬੀ ਤੂੰ ਵੀ ਨੱਚ। ਹੱਸਣਾ, ਨੱਚਣਾ, ਗਾਉਣਾ ਹੀ ਜ਼ਿੰਦਗੀ ਏ।

ਸਾਹਬੀ : ਮੇਰਾ ਕੋਈ ਸਿਰ ਫਿਰਿਆ ਏ ਜਿਹੜਾ ਬਿਨਾਂ ਵਜ੍ਹਾ ਬਾਂਦਰਾਂ ਵਾਂਗੂੰ ਨੱਚੀ ਜਾਵਾਂ।

ਸੰਤਾ : ਤੂੰ ਜ਼ਿੰਦਗੀ ਕੱਢ ਰਿਹੈਂ ਕਿ ਸ਼ਿਲਾ ਕੱਟ ਰਿਹੈਂ?

ਸਾਹਬੀ : ਮੇਰੀ ਕਿਤਾਬ ਹੀ ਮੇਰੀ ਜ਼ਿੰਦਗੀ ਏ, ਮੋਟਾ ਮਾਸ ਖਾ-ਖਾ ਤੇ ਬਿਗਾਨੇ ਪੈੱਗ ਪੀ ਪੀ ਤੁਹਾਡੀ ਮੱਤ ਮਾਰੀ ਗਈ ਏ। ਮੈਂ ਦਿਨ ਰਾਤ ਇੱਕ ਕਰ ਦਿਆਂਗਾ, ਐਨਾ ਪੜ੍ਹਾਂਗਾ ਕਿ ਇਕ ਦਿਨ ਪ੍ਰੋਫ਼ੈਸਰ ਲੱਗ ਜਾਵਾਂਗਾ।

ਸੰਤਾ : (ਹੱਸਦਾ ਹੋਇਆ) ਤੂੰ......ਪ੍ਰੋਫ਼ੈਸਰ? ਜਾ ਮੂੰਹ ਧੋ ਕੇ ਆ ਛੱਪੜ 'ਚ।

ਬੰਤਾ : ਆਹ ਮੂੰਹ ਮਸਰਾਂ ਦੀ ਦਾਲ, ਤੂੰ ਪ੍ਰੋਫ਼ੈਸਰ ਬਣੇਂਗਾ?

ਸਾਹਬੀ : ਹਾਂ ਹਾਂ।

ਸੰਤਾ : ਨਹੀਂ ਤੂੰ ਸਿੱਧਾ ਈ ਕਮਿਸ਼ਨਰ ਬਣੇਂਗਾ। ਤੈਨੂੰ ਲਾਉਣਗੇ ਮੋਇਆ ਦੀ ਮੰਡੀ ਵਿੱਚ! ਅਹੁ ਵੇਖ ਤੇਰਾ ਵਰਗਾ ਇੱਕ ਕਿਤਾਬੀ ਕੀੜਾ ਪ੍ਰੋਫ਼ੈਸਰ ਬਣਨ ਦੇ ਸੁਫਨੇ ਲੈਂਦਾ ਇੰਟਰਵਿਊ ਦੇਣ ਆਇਐ।

**(ਸਟੇਜ ਨੰਬਰ ਦੋ 'ਤੇ ਰੋਸ਼ਨੀ ਪੈਂਦੀ ਹੈ)**

ਨੌਜਵਾਨ : ਇੰਟਰਵਿਊ ਲੈਣ ਵਾਲਿਆਂ ਦਾ ਲੰਚ ਈ ਨਹੀਂ ਹੋਇਆ ਅਜੇ। ਸਵੇਰ ਦਾ ਭੁੱਖਾ ਭਾਣਾ ਵਾਰੀ ਦੀ ਉਡੀਕ ਕਰੀ ਜਾ ਰਿਹਾ ਸੀ, ਜਦ ਮੇਰੀ ਵਾਰੀ ਆਈ ਤਾਂ ਲੰਚ ਬਰੇਕ ਹੋ ਗਈ। ਕਦੋਂ ਇੰਟਰਵਿਊ ਹੋਵੇਗੀ ਤੇ ਕਦੋਂ ਪਿੰਡ ਵਾਪਸ ਜਾਵਾਂਗਾ।



**(ਕੁਰਸੀ 'ਤੇ ਇੱਕ ਅਫ਼ਸਰ ਬੈਠਦਾ ਹੈ)**

ਅਫ਼ਸਰ : ਯੈੱਸ ਕਮ ਆਨ। ਸਰਟੀਫਿਕੇਟ?

ਨੌਜਵਾਨ : ਹਿਅਰ ਇਟ ਇਜ਼! ਐਮ.ਏ. ਪੁਲੀਟੀਕਲ ਸਾਇੰਸ, ਐਮ.ਏ. ਹਿਸਟਰੀ ਤੇ ਐਮ.ਏ. ਇਕਨਾਮਿਕਸ।

ਅਫ਼ਸਰ : ਨਿਰੀਆਂ ਐਮ.ਏ. ਕੱਠੀਆਂ ਕਰੀਂ ਬੈਠਾ ਏਂ। ਹੋਰ ਵੀ ਹੈ ਕੁੱਝ ਤੇਰੇ ਕੋਲ?

ਨੌਜਵਾਨ : ਯਾ ਯਾ ਐਮ. ਫਿੱਲ ਦੀ ਡਿਗਰੀ, ਏ ਗਰੇਡ ਵਿੱਚ।

ਅਫ਼ਸਰ : ਐਨੀ ਅਦਰ ਸਰਟੀਫਿਕੇਟ?

ਨੌਜਵਾਨ : ਆਹ ਐਨ.ਸੀ.ਸੀ. ਦਾ ਸੀ ਸਰਟੀਫਿਕੇਟ।

ਅਫ਼ਸਰ : ਕੰਮ ਕਰਨ ਦਾ ਤਜ਼ਰਬਾ?

ਨੌਜਵਾਨ : ਕੰਮ ਕਰਨ ਦਾ ਮੌਕਾ ਈ ਨਹੀਂ ਮਿਲਿਆ, ਤੁਸੀਂ ਮੌਕਾ ਦਿਓ ਮੈਂ ਇਤਿਹਾਸ ਰਚ ਦਿਆਂਗਾ।

ਅਫ਼ਸਰ : ਇਤਿਹਾਸ ਤਾਂ ਰਚੇਂਗਾ ਹੀ ਪਰ ਪਹਿਲਾਂ ਤਿੰਨ ਹਜ਼ਾਰ ਫੀਸ ਦੀ ਰਸੀਦ ਪੇਸ਼ ਕਰ।

ਨੌਜਵਾਨ : ਤਿੰਨ ਹਜ਼ਾਰ? ਇਸ਼ਤਿਹਾਰ ਵਿੱਚ ਤਾਂ ਪੰਜ ਸੌ ਫੀਸ ਲਿਖੀ ਸੀ, ਆਹ ਵੇਖੋ ਪੰਜ ਸੌ ਦੀ ਰਸੀਦ......

ਅਫ਼ਸਰ : (ਹੱਸਦਾ ਹੋਇਆ) ਕਿਹੜੀ ਦੁਨੀਆਂ ਵਿੱਚ ਤੁਰਿਆ ਫਿਰਦੈਂ। ਕੱਲ੍ਹ ਇੰਟਰਨੈੱਟ ਨਹੀਂ ਵੇਖਿਆ?

ਨੌਜਵਾਨ : ਇੰਟਰਨੈੱਟ?

ਅਫ਼ਸਰ : ਯੁੱਗ ਬਦਲ ਗਿਐ ਤੈਨੂੰ ਇੰਟਰਨੈੱਟ ਦਾ ਨਹੀਂ ਪਤਾ। ਸਾਡੀ ਸਾਈਟ ਨਹੀਂ ਖੋਹਲੀ? ਤੁਸੀਂ ਜਾ ਸਕਦੇ ਹੋ।

ਨੌਜਵਾਨ : ਇਹ ਕੀ ਬਕਵਾਸ ਏ? ਨੌਕਰੀ ਦਾ ਇਸ਼ਤਿਹਾਰ ਅਖ਼ਬਾਰ ਵਿੱਚ ਕੱਢਿਆ ਤੇ ਫੀਸ ਵਧਾਉਣ ਦੀ ਸੂਚਨਾ ਇੰਟਰਨੈੱਟ 'ਤੇ ਦੇ ਦਿੱਤੀ। ਇਹ ਧੋਖਾ ਏ।

ਅਫ਼ਸਰ : ਹੁਣ ਜਮਾਂ ਕਰਵਾ ਦੇ ਫੀਸ ਆਫਿਸ ਵਿੱਚ।

ਨੌਜਵਾਨ : ਮੇਰੇ ਪਾਸ ਤਾਂ ਪਿੰਡ ਪਹੁੰਚਣ ਜੋਗਾ ਕਿਰਾਇਆ ਈ ਏ ਮਸਾਂ। ਹੁਣ ਕਿਵੇਂ ਕਰਾਵਾਂ?

(ਫੋਨ ਦੀ ਘੰਟੀ ਖੜਕਦੀ ਹੈ, ਨੇਤਾ ਨਾਲ ਫੂਨ ਤੇ ਗੱਲਬਾਤ ਹੁੰਦੀ ਹੈ)

ਅਫ਼ਸਰ : ਸਾਈਲੈਂਸ, ਯੈੱਸ ਸਰ। ਹੁਕਮ ਸਰ?

ਨੇਤਾ : ਲਿਸਟ ਪਹੁੰਚ ਗਈ ਏ ਨਾ?

ਅਫ਼ਸਰ : ਜੀ ਸਰ।

ਨੇਤਾ : ਰਿਪੋਰਟ?

ਅਫ਼ਸਰ : ਓ.ਕੇ. ਰਿਪੋਰਟ। ਪਰਸੋਂ ਆਰਡਰ ਕਰ ਦੇਣੇ ਨੇ ਸਰ।

ਨੇਤਾ : ਰਾਹ ਦੇ ਸਾਰੇ ਅੜਿੱਕੇ ਦੂਰ ਹੋ ਗਏ?

ਅਫ਼ਸਰ : ਜੀ ਸਰ, ਵੱਡੇ-ਵੱਡੇ ਅੜਿੱਕੇ ਫੀਸ ਜਮਾਂ ਨਹੀਂ ਕਰਵਾ ਸਕੇ ਤੇ ਆਪਣੇ ਆਪ ਗੱਡੀ ਨਾਨ ਸਟਾਪ ਹੋ ਗਈ ਏ ਜੀਉਂਦਾ ਰਹੇ ਇੰਟਰਨੈੱਟ। (ਦੋਵੇਂ ਹੱਸਦੇ ਹਨ)

ਨੇਤਾ : ਬਟਨ ਤਾਂ ਸਾਡੇ ਹੱਥ ਵਿੱਚ ਹੀ ਏ ਇੰਟਰਨੈੱਟ ਦਾ।

ਅਫ਼ਸਰ : ਜੀ ਸਰ ਬਾਕੀ ਮੇਰਾ ਖਿਆਲ......

ਨੇਤਾ : ਡੌਂਟ ਵਰੀ ਮਾਲ ਸ਼ਾਲ ਤੇਰੇ ਘਰ ਦੀ ਅਲਮਾਰੀ ਵਿੱਚ ਪਹੁੰਚ ਵੀ ਗਿਆ ਏ। ਤੇਰੀ ਮੈਡਮ ਨੇ ਫ਼ੂਨ ਕਰ ਕੇ ਦੱਸਿਆ ਨਹੀਂ?

ਅਫ਼ਸਰ : ਇਵੇਂ ਦੇ ਫ਼ੂਨਾਂ ਤੋਂ ਉਹਨੂੰ ਮੈਂ ਆਪ ਈ ਰੋਕਿਆ ਏ। ਓ.ਕੇ. ਸਰ.....

ਨੌਜਵਾਨ : ਪਰ ਤੂੰ ਮੈਨੂੰ ਨਹੀਂ ਰੋਕ ਸਕਦਾ।

ਅਫ਼ਸਰ : ਤੂੰ ਕੀ ਕਰੇਂਗਾ?

ਨੌਜਵਾਨ : ਤੇਰੀ ਬੱਤੀ ਦੇ ਬੱਤੀ ਦੰਦ ਬਾਹਰ ਕੱਢ ਕੇ ਰੱਖ ਦਿਆਂਗਾ ਤੇਰੇ ਜਿਹੇ ਅਫ਼ਸਰ ਇੱਕ ਕਲੰਕ ਨੇ। ਜਦ ਤੱਕ ਤੇਰੇ ਜਿਹੇ ਕੁੱਤਿਆਂ ਦੇ ਹੱਥ ਦੇਸ਼ ਦੀ ਵਾਗਡੋਰ ਹੋਵੇਗੀ, ਚੱਕੀ ਚੱਟਣ ਵਾਲੇ ਕੁੱਤੇ ਹੀ ਕੁਰਸੀਆਂ 'ਤੇ ਨਜ਼ਰ ਆਉਣਗੇ।

ਅਫ਼ਸਰ : ਨਾਨ ਸੈਨਸ, ਤੈਨੂੰ ਇਹ ਪਤੈ ਤੂੰ ਕਿਥੇ ਖੜ੍ਹਾ ਏਂ ਐਸ ਟਾਈਮ? ਇਹ ਮੇਰਾ ਦਫ਼ਤਰ ਏ ਕੋਈ ਜੰਗਲ ਬੇਲਾ ਨਹੀਂ।

ਨੌਜਵਾਨ : ਮੈਨੂੰ ਸਭ ਪਤੈ, ਇਹ ਦਫ਼ਤਰ ਏ ਕਿ ਭ੍ਰਿਸ਼ਟਾਚਾਰ, ਹੇਰਾ ਫੇਰੀ, ਬੇਈਮਾਨੀ ਚਾਰ ਸੌ ਵੀਹ ਦਾ ਅੱਡਾ।

ਅਫ਼ਸਰ : ਸਟਾਪ ਦਿਸ ਨਾਨ ਸੈਨਸ। ਤੈਨੂੰ ਨਹੀਂ ਪਤੈ ਅਫ਼ਸਰ ਨਾਲ ਪੇਸ਼ ਕਿਵੇਂ ਆਈਦੈ? ਬੰਦਾ ਏਂ ਕਿ ਜਾਨਵਰ?

ਨੌਜਵਾਨ : ਹੁਣ ਮੈਨੂੰ ਜਾਨਵਰ ਬਣਨਾ ਈ ਪਵੇਗਾ। ਜਾਨਵਰ ਹੀ ਜਾਨਵਰ ਦਾ ਕੀਰਤਨ ਸੋਹਿਲਾ ਪੜ੍ਹੇਗਾ। ਲੋਹੇ ਨੂੰ ਲੋਹਾ ਕੱਟਦੈ, ਡਾਇਮੰਡ ਕਟਸ ਡਾਇਮੰਡ।

**(ਨੌਜਵਾਨ, ਅਫ਼ਸਰ ਦੇ ਗਲੇ ਨੂੰ ਫੜ ਲੈਂਦਾ ਹੈ ਅਤੇ ਘੁੰਮਾਉਂਦਾ ਹੈ)**

ਅਫ਼ਸਰ : ਤੂੰ ਮੇਰਾ ਗਲਾ ਘੁੱਟ ਰਿਹੈਂ?



ਨੌਜਵਾਨ : ਹੋਰ ਤੈਨੂੰ ਲਾਡ ਕਰਾਂ?

ਅਫ਼ਸਰ : ਐਂਟੀ ਗੁੰਡਾ ਸਕੁਐਡ ਇਹਨੂੰ ਫੜੋ।

**(ਸੰਤਾ ਅਤੇ ਬੱਗਾ ਦੌੜ ਕੇ ਆਉਂਦੇ ਹਨ)**

ਸੰਤਾ : ਪੰਗਾ ਕਿਹਦੇ ਨਾਲ ਲੈ ਰਿਹੈਂ?

ਬੰਤਾ : ਓਏ ਪਾਣੀ 'ਚ ਰਹਿਣਾ ਤੇ ਮਗਰਮੱਛ ਨਾਲ ਵੈਰ। (ਦੋਵੇਂ, ਨੌਜਵਾਨ ਦੀਆਂ ਬਾਹਵਾਂ ਫੜ ਲੈਂਦੇ ਹਨ)

ਨੌਜਵਾਨ : ਹਾਂ ਹਾਂ, ਮੈਂ ਇਸ ਮਗਰਮੱਛ ਦਾ ਮੂੰਹ ਪਾੜ੍ਹ ਦਿਆਂਗਾ।

ਸੰਤਾ : ਛੋਟਾ ਮੂੰਹ ਬੜੀ ਬਾਤ।

ਬੰਤਾ : ਸ਼ੇਰ ਨੂੰ ਘੂਰੇ ਬਿੱਲੀ ਦੀ ਜਾਤ।

ਨੌਜਵਾਨ : ਚਮਚਿਓ! ਸ਼ਰਮ ਕਰੋ। ਤੁਹਾਡੇ ਵਿੱਚ ਕੋਈ ਇਨਸਾਨੀਅਤ ਹੁੰਦੀ ਤਾਂ ਮੇਰੀ ਮਦਦ ਕਰਦੇ।

ਸੰਤਾ : ਅਸੀਂ ਲੂਣ ਖਾਧਾ ਏ। ਲੂਣ 'ਚ ਬੜੀ ਸ਼ਕਤੀ ਏ।

ਬੰਤਾ : ਅਸੀਂ ਨਮਕ ਹਰਾਮੀ ਨਹੀਂ, ਨਮਕ ਦੀ ਕਦਰ ਕਰਦੇ ਹਾਂ।

ਅਫ਼ਸਰ : ਇਸ ਹਰਾਮਜ਼ਾਦੇ ਨੇ ਮੈਨੂੰ ਪਾਣੀ ਪੀਣ ਜੋਗਾ ਕਰ ਦਿੱਤੈ। ਇਹਨੂੰ ਲੈ ਜਾਓ ਸੁਧਾਰ ਘਰ ਤੇ ਇਸਦਾ ਪੂਰਾ ਸੁਧਾਰ ਕਰਕੇ ਹੀ ਤੋਰਿਓ।

ਸੰਤਾ : ਪੁਲਸ ਵਾਲੇ ਵੇਖਿਓ ਕਿਵੇਂ ਛੱਲੀਆਂ ਵਾਂਗੂੰ ਭੰਨ ਸੁਟਣਗੇ ਇਹਨੂੰ। ਸਾਰੀ ਉਮਰ ਸਿੱਧੀ ਗਰਦਨ ਕਰਕੇ ਗੱਲ ਨਹੀਂ ਕਰੇਗਾ।

ਬੰਤਾ : (ਨੌਜਵਾਨ ਨੂੰ) ਚੱਲ ਓਏ, ਬਾਹਰ ਪੁਲਸ ਵਾਲੇ ਤੇਰੇ ਸਵਾਗਤ ਵਾਸਤੇ ਗੱਡੀ ਲੈ ਕੇ ਪਹੁੰਚ ਗਏ ਨੇ।

ਅਫ਼ਸਰ : ਠਹਿਰੋ, ਪਹਿਲਾਂ ਮੈਨੂੰ ਇੱਕ ਥੱਪੜ ਜੜ੍ਹ ਲੈਣ ਦਿਓ, ਮੇਰਾ ਕਾਲਜਾ ਠੰਡਾ ਹੋ ਜਾਵੇਗਾ। ਇਹਦੀਆਂ ਬਾਹਵਾਂ ਘੁੱਟ ਕੇ ਫੜਿਓ, ਮਾਰਨ ਵਾਲੀ ਮੱਝ ਵਾਂਗੂੰ ਵੇਂਹਦਾ ਪਿਆ ਮੇਰੇ ਵੱਲ। (ਅਫ਼ਸਰ, ਨੌਜਵਾਨ ਦੇ ਚਪੇੜ ਮਾਰਨ ਲਈ ਅੱਗੇ ਵਧਦਾ ਹੈ ਪਰ ਨੌਜਵਾਨ, ਅਫ਼ਸਰ ਦੇ ਪੇਟ ਵਿੱਚ ਜ਼ੋਰ ਨਾਲ ਲੱਤ ਮਾਰਦਾ ਹੈ ਅਤੇ ਅਫ਼ਸਰ ਡਿੱਗ ਪੈਂਦਾ ਹੈ)

ਨੌਜਵਾਨ : ਹਤ ਤੇਰੇ ਦੀ.....

ਅਫ਼ਸਰ : ਹਾਏ ਮਰ ਗਿਆ, ਹਾਏ......ਹਾਏ..... ਡਾਕਟਰ

ਸੰਤਾ : ਸਰ ਜੀ ਕੀ ਹੋ ਗਿਆ? ਤਬੀਅਤ ਠੀਕ ਏ ਨਾ?

(ਸੰਤਾ ਦੋਵਾਂ ਹੱਥਾਂ ਨਾਲ ਫੜ ਕੇ ਅਫ਼ਸਰ ਨੂੰ ਉਠਾਉਂਦਾ ਹੈ)

ਕਮਬਖਤ ਨੇ ਸੱਟ ਚੰਗੀ ਕਰਾਰੀ ਮਾਰੀ ਏ।

ਨੌਜਵਾਨ : (ਬੰਤੇ ਨੂੰ ਧੱਕਾ ਦਿੰਦਾ ਹੋਇਆ) ਹਟ ਓਏ ਪਿੱਛੇ।

(ਨੌਜਵਾਨ ਦੌੜ ਜਾਂਦਾ ਹੈ, ਬੱਗਾ ਡਿੱਗਣ ਉਪਰੰਤ ਖੜ੍ਹਾ ਹੁੰਦਾ ਹੈ)

ਬੰਤਾ : ਬੜਾ ਕਰੰਟ ਏ ਉਹਦੇ ਵਿੱਚ।

ਅਫ਼ਸਰ : ਜੂਠ ਜ਼ਮਾਨੇ ਦੀ, ਅਜੇ ਬੇਰੁਜ਼ਗਾਰ ਏ।

ਸੰਤਾ : ਭੁੱਖੇ ਸ਼ੇਰ ਜ਼ਿਆਦਾ ਲੜਦੇ ਨੇ। ਸਰ ਜੀ, ਅੰਦਰ ਰੈਸਟ ਕਰੋ। ਬੈਗ ਪਹੁੰਚ ਗਏ ਨੇ ਸਰ ਜੀ, ਪੂਰੇ ਭਰੇ ਪਏ ਨੇ। ਦੋਵਾਂ ਨੇ ਦਸ ਦਸ ਲੱਖ ਦਿੱਤੈ।

ਅਫ਼ਸਰ : ਠੀਕ ਏ ਪਰਸੋਂ ਆ ਕੇ ਆਰਡਰ ਲੈ ਜਾਇਓ।

**(ਰੋਸ਼ਨੀ ਇੱਕ ਵਾਰ ਫਿਰ ਸਟੇਜ ਨੰ. ਇੱਕ 'ਤੇ ਪੈਂਦੀ ਹੈ)**

ਸਾਹਬੀ : ਬੜਾ ਬੁਰਾ ਹਾਲ ਏ ਦੇਸ਼ ਦਾ। ਦਿਨ ਦੀਵੀਂ ਡਾਕਾ ਪੈ ਰਿਹੈ, ਹੱਕਾਂ ਤੇ ਡਾਕਾ। ਕਿਸੇ ਸਮੇਂ ਭਾਰਤ ਨੂੰ ਦੁਨੀਆਂ ਸੋਨੇ ਦੀ ਚਿੜੀ ਮੰਨਦੀ ਸੀ, ਹੁਣ ਪਤਾ ਲੱਗੈ, ਸੋਨੇ ਦੀ ਚਿੜੀ ਦੇ ਖੰਭ ਕਿਸ ਨੇ ਲਾਹ ਲਏ ਨੇ, ਇਹ ਚਿੜੀ ਹੁਣ ਬਿਨਾਂ ਖੰਭਾਂ ਤੋਂ ਰੋ ਰਹੀ ਏ। ਹਾਂ, ਇਥੇ ਮਿਹਨਤੀ ਲੋਕ ਬਿਨਾਂ ਆਸਰੇ ਦੇ, ਬਿਨਾਂ ਛੱਤ ਦੇ ਠਰੂੰ ਠਰੂੰ ਕਰਦੇ ਕਰਦੇ ਆਪਣੀ ਜ਼ਿੰਦਗੀ ਦਾ ਚੈਪਟਰ ਪੂਰਾ ਕਰ ਰਹੇ ਨੇ।

**(ਸੰਤਾ ਅਤੇ ਬੱਗਾ ਆਉਂਦੇ ਹਨ)**

ਸੰਤਾ : ਵੇਖ ਲਈ ਫ਼ਿਲਮ? ਫ਼ਿਲਮ ਇੰਟਰੈਸਟਿੰਗ ਏ ਨਾ?

ਬੰਤਾ : ਤੁਸੀਂ ਵੀ ਬੜੇ ਇੰਟਰੈਸਟਿੰਗ ਹੋ। ਲੋਕਾਂ ਨੂੰ ਜਹਾਜ਼ 'ਤੇ ਵੀ ਚੜ੍ਹਾਉਂਦੇ ਹੋ ਤੇ ਨੌਕਰੀਆਂ ਵੀ ਦਿਵਾਉਂਦੇ ਹੋ। ਤੁਸੀਂ ਤਾਂ ਪੂਰੇ......

ਸੰਤਾ : ਸੋਲਾਂ ਕਲਾਂ ਸੰਪੂਰਨ ਹਾਂ।

ਬੰਤਾ : ਇੰਟਰਨੈਸ਼ਨਲ ਏਜੰਟ ਹਾਂ, ਸਾਡੀਆਂ ਬਾਹਵਾਂ ਬੜੀਆਂ ਲੰਮੀਆਂ ਨੇ। ਦੇਸ਼ਾਂ ਵਿਦੇਸ਼ਾਂ ਵਿੱਚ ਸਾਡੇ ਸੈੱਲ ਨੇ।

ਸੰਤਾ : ਜਿਹੜੇ ਦਿਨ ਰਾਤ ਚਾਰਜ ਈ ਰਹਿੰਦੇ ਨੇ।

ਬੰਤਾ : ਨਾਲੇ ਜੋ ਵੀ ਪੁੱਠਾ ਕੰਮ ਏ ਸਾਡੀ ਕਿਸਮਤ ਵਿੱਚ ਈ ਲਿਖਿਆ ਏ, ਇਹਨੂੰ ਕਹਿੰਦੇ ਨੇ ਗੁੱਡ ਲੱਕ।

ਸਾਹਬੀ : ਤੁਹਾਨੂੰ ਉਸ ਬੇਰੁਜ਼ਗਾਰ ਨੌਜਵਾਨ ਨਾਲ ਹਮਦਰਦੀ ਹੋਣੀ ਚਾਹੀਦੀ ਸੀ, ਤੁਸੀਂ ਬੜੇ ਬੇਰਹਿਮ ਹੋ।

ਸੰਤਾ : ਅਸੀਂ ਉਹਦੇ ਨਾਲ ਹਮਦਰਦੀ ਕੀਤੀ, ਉਹਦੇ ਖਾਨੇ ਗੱਲ ਪਾਈ ਕਿ ਬੈਗ ਭਰ ਕੇ ਲਿਆਓ।

ਬੰਤਾ : ਨੌਕਰੀ ਲੈ ਜਾਓ, ਘਰ ਜਾ ਕੇ ਖੁਸ਼ੀਆਂ ਮਨਾਓ ਤੇ ਭੰਗੜੇ ਪਾਓ ਪਰ ਮੰਨਿਆ ਨਹੀਂ ਖੁਸ਼ਕੀ ਦਾ ਮਾਰਿਆ।



ਆਵਾਜ਼ਾਂ : * ਭਾਰਤ ਦਾ ਕਹਿੰਦਾ ਬੇਰੁਜ਼ਗਾਰ, ਸਾਨੂੰ ਚਾਹੀਦੈ ਰੁਜ਼ਗਾਰ। ਸਾਡੇ ਹੱਕ, ਇੱਥੇ ਰੱਖ।

*ਡਿਗਰੀਆਂ ਵਾਲੇ ਸੜਕਾਂ 'ਤੇ ਆਏ

ਰੋਟੀ ਲਈ ਕਰਦੇ ਹਾਏ ਹਾਏ।

*ਚੀਕ ਚਿਹਾੜਾ ਬੰਦ ਕਰਨ ਲਈ ਕਰ ਦਿਓ ਲਾਠੀਚਾਰਜ—

*ਮਰ ਗਏ....ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ.... ਲਾਠੀਚਾਰਜ ਹਾਏ....ਹਾਏ.....

ਸੰਤਾ : ਮੈਨੂੰ ਬੜਾ ਡਰ ਲਗਦੈ ਇਵੇਂ ਦੀਆਂ 'ਵਾਜਾਂ ਸੁਣ ਕੇ।

ਬੰਤਾ : ਆਪਾਂ ਨਿਕਲ ਚਲੀਏ, ਕਿਸੇ ਬੇਰੁਜ਼ਗਾਰ ਦਾ ਗੁੱਸਾ ਸਾਡੇ 'ਤੇ ਨਾ ਨਿਕਲ ਜਾਏ। (ਜਾਣ ਲੱਗਦੇ ਹਨ)

ਸਾਹਬੀ : ਹੁਣ ਖੜ੍ਹੋ ਇਥੇ ਜੇ ਬੰਦੇ ਦੇ ਪੁੱਤਰ ਹੋ।

ਸੰਤਾ : ਅਸੀਂ ਹੈ ਈ ਨਹੀਂ ਬੰਦੇ ਦੇ ਪੁੱਤਰ, ਬੰਦੇ ਦੇ ਪੁੱਤਰ ਹੁੰਦੇ ਨੇ ਇੱਜ਼ਤਾਂ ਵਾਲੇ। ਆਪਾਂ ਇੱਜ਼ਤ ਕਦੋਂ ਦੇ ਵੇਚ ਕੇ ਵਿਹਲੇ ਹੋ ਗਏ ਹਾਂ। (ਦੋਵੇਂ ਦੌੜ ਜਾਂਦੇ ਹਨ)

ਸਾਹਬੀ : ਇਹ ਕਿਹੋ ਜਿਹੇ ਲੋਕ ਨੇ? (ਨੌਜਵਾਨ ਆਉਂਦਾ ਹੈ, ਜਿਸ ਦੇ ਸਿਰ ਮੂੰਹ ਤੇ ਪੱਟੀਆਂ ਬੱਝੀਆਂ ਹਨ)

ਨੌਜਵਾਨ : ਭਰਾਵਾਂ, ਮੈਨੂੰ ਜ਼ਰਾ ਲੁਕਾ ਲੈ ਇਥੇ। ਨਾਲੇ ਥੋੜ੍ਹਾ ਜਿਹਾ ਪਾਣੀ ਚਾਹੀਦੈ, ਕਿਤੇ ਕੋਈ ਲਾਠੀ ਵਾਲਾ ਪਿੱਛਾ ਨਾ ਕਰਦਾ ਹੋਏ। (ਸਾਹਬੀ ਨੌਜਵਾਨ ਨੂੰ ਪਾਣੀ ਦਿੰਦਾ ਹੈ) ਮਿਹਰਬਾਨੀ, ਅੱਜ ਤਾਂ ਖੂਬ ਡੰਡਾ ਵਰ੍ਹਿਆ। ਘਰਾਂ 'ਚ ਲੁਕੇ ਬੇਰੁਜ਼ਗਾਰ ਕੱਢ-ਕੱਢ ਕੇ ਕੁੱਟੇ ਲਠੈਤਾਂ ਨੇ।

ਸਾਹਬੀ : ਮੈਂ ਵਾਰ-ਵਾਰ ਸੋਚ ਰਿਹਾਂ ਇਥੇ ਕੀ ਹੋ ਰਿਹੈ? ਇਹ ਕਿਹੋ ਜਿਹੇ ਲੋਕ ਨੇ?

ਨੌਜਵਾਨ : ਚੰਗਾ ਭਰਾਵਾ! ਬਾਹਰ ਸ਼ੋਰ ਸ਼ਰਾਬਾ ਘਟਿਆ ਜਾਪਦੈ, ਮੈਨੂੰ ਘਰ ਪਹੁੰਚਣਾ ਪਵੇਗਾ, ਥੈਂਕ ਯੂ।

(ਨੌਜਵਾਨ ਚਲੇ ਜਾਂਦਾ ਹੈ, ਸੰਤਾ ਅਤੇ ਬੱਗਾ ਆਉਂਦੇ ਹਨ)

ਸੰਤਾ : (ਸਾਹਬੀ ਨੂੰ) ਸਾਹਬੀ! ਕੀ ਕਹਿੰਦਾ ਸੀ ਨੌਜਵਾਨ?

ਸਾਹਬੀ : ਤੁਹਾਨੂੰ ਕੀ ਨਹੀਂ ਪਤਾ।

ਬੰਤਾ : ਜੇ ਪੀ.ਐਚ.ਡੀ. ਨਾ ਕਰਦਾ ਤਾਂ ਘੱਟੋ ਘੱਟ ਅੱਜ ਡੰਡੇ ਤਾਂ ਨਾ ਖਾਂਦਾ।

ਸੰਤਾ : ਕੁਟਾਪਾ ਚੰਗਾ ਚੜ੍ਹਿਆ ਲਗਦਾ ਏ ਉਹਨੂੰ।

ਬੰਤਾ : ਮੈਨੂੰ ਪਤਾ ਲੱਗੈ ਸਰਕਾਰ ਪੜ੍ਹਿਆ ਲਿਖਿਆ ਨੂੰ ਕੁੱਟਣ ਵਾਸਤੇ ਦੋ ਹਜ਼ਾਰ ਸਿਪਾਹੀ ਭਰਤੀ ਕਰਨ ਬਾਰੇ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਏ। ਸਾਹਬੀ! ਤੈਨੂੰ ਭਰਤੀ ਕਰਵਾ ਦੇਈਏ?

ਸਾਹਬੀ : ਮੈਨੂੰ ਇਹੋ ਜਿਹੀ ਨੌਕਰੀ ਦੀ ਲੋੜ ਨਹੀਂ।

ਸੰਤਾ : ਸਾਹਬੀ! ਤੈਨੂੰ ਤਾਂ ਪਤੈ ਵੋਟਾਂ ਦੇ ਦਿਨ ਨੇ, ਮੁਕਾਬਲੇ ਵਾਲੀ ਕੁੰਡੀ ਬੜੀ ਫਸੀ ਪਈ ਏ ਤੇ ਆਪਣੇ ਨੇਤਾ ਜੀ ਘਰ ਘਰ ਪਹੁੰਚ ਰਹੇ ਨੇ। ਉਹ ਬੈਠੇ ਨੇ ਸੇਠ ਪਰਮਾਨੰਦ ਦੇ ਘਰ, ਹੁਣ ਤੇਰੇ ਘਰ ਆਉਣ ਈ ਵਾਲੇ ਨੇ।

ਸਾਹਬੀ : ਮੈਂ ਕੀ ਕਰਾਂ, ਮੈਂ ਧੂਫ਼ ਦਿਆਂ ਨੇਤਾ ਜੀ ਨੂੰ।

ਸੰਤਾ : ਤੂੰ ਹੱਥ ਜੋੜ ਕੇ ਇਹੀ ਕਹਿਣਾ ਏ ਕੀੜੀ ਦੇ ਘਰ ਨਰਾਇਣ ਆਏ ਨੇ, ਧੰਨ ਭਾਗ ਸਾਡੇ। ਉਹਨਾਂ ਨੂੰ ਵੈਲਕਮ ਕਰਨ ਵਾਸਤੇ ਮੂੰਹ 'ਤੇ ਮੁਸਕਰਾਹਟ ਲਿਆਵੀਂ।

ਸਾਹਬੀ : ਮੁਸਕਰਾਹਟ? ਇਸ ਤਾਣੇ ਬਾਣੇ ਨੇ ਮੇਰੇ ਚਿਹਰੇ ਦੀ ਮੁਸਕਰਾਹਟ ਖੋਹ ਲਈ ਏ।

ਸੰਤਾ : ਵਾਪਸ ਪਰਤੇਗੀ। ਅਸੀਂ ਕਿਹੜਾ ਕਿਹਨੇ ਆਂ ਉਹਨਾਂ ਨੂੰ ਵੋਟ ਪਾਵੀਂ, ਵੋਟ ਭਾਵੇਂ ਉਹਨਾਂ ਦੇ ਉਲਟ ਈ ਪਾ ਦੇਵੀਂ ਪਰ ਇੱਕ ਵਾਰ ਖ਼ੁਸ਼ ਹੋ ਕੇ ਕਹਿ ਦੇਵੀਂ-ਜੀ ਮੈਂ ਤੁਹਾਡਾ ਈ ਬੰਦਾ ਵਾਂ ਤੇ ਕੀੜੀ ਦੇ ਘਰ ਨਰਾਇਣ ਆਏ ਨੇ। (ਨੇਤਾ ਆਉਂਦਾ ਹੈ)

ਸੰਤਾ : ਲੋਕ ਨਾਇਕ ਸਾਡੇ ਮਹਿਬੂਬ ਨੇਤਾ, ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਇਮਾਨਦਾਰੀ ਦੀ ਸਾਖ਼ਸ਼ਾਤ ਤਸਵੀਰ, ਗਰੀਬਾਂ ਦੇ ਮਸੀਹਾ ਉਹਨਾਂ ਦੇ ਦੁੱਖ-ਸੁੱਖ ਦੇ ਸਾਥੀ ਖੁਦ ਘਰ ਘਰ ਲੋਕਾਂ ਦੇ ਦਰਸ਼ਨ ਕਰ ਰਹੇ ਨੇ। ਸਾਹਬੀ! ਨੇਤਾ ਜੀ ਨੂੰ ਵੈਲਕਮ ਕਹਿ ਦੇ।

ਸਾਹਬੀ : ਵਾਹ ਜੀ ਵਾਹ, ਮੈਂ ਕੀ ਵੇਖ ਰਿਹਾ। ਅੱਜ ਤਾਂ ਨਰਾਇਣ ਦੇ ਘਰ ਕੀੜੀ ਆ ਗਈ ਏ।

ਸੰਤਾ : ਓਏ ਕੀੜੀ ਦੇ ਘਰ ਨਾਰਾਇਣ ਕਹਿ....

ਬੰਤਾ : ਜੀ ਪਜ਼ਲ ਹੋ ਗਿਐ। ਛੋਟੇ ਲੋਕਾਂ ਦੀ ਜੁਬਾਨ ਵੱਡਿਆਂ ਨੂੰ ਵੇਖ ਕੇ ਥਿੜਕ ਈ ਜਾਂਦੀ ਏ। ਮੇਰਾ ਮਤਲਬ ਏ ਜ਼ੁਬਾਨ ਜੰਪ ਕਰ ਗਈ ਏ।

ਨੇਤਾ : ਤੁਸੀਂ ਇਹ ਦੱਸੋ ਪਿਛਲੇ ਪੰਜ ਸਾਲ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਤੁਸੀਂ ਕੀ ਕੀਤਾ?

ਨੇਤਾ : ਤੁਸੀਂ ਇਸ ਵਾਰ ਜਿਤਾਉ ਸਾਰੇ ਲਾਂਭੇ ਲਾਹ ਦਿਆਂਗਾ।



ਸਾਹਬੀ : ਪਰ ਜਵਾਬ ਦਿਓ ਤੁਹਾਡੇ ਹਲਕੇ ਵਿੱਚ ਕਿੰਨੇ ਡਾਕਟਰ ਭਰਤੀ ਕੀਤੇ ਗਏ। ਕਿੰਨੇ ਅਧਿਆਪਕ ਭਰਤੀ ਕੀਤੇ ਗਏ ਅਤੇ ਹੋਰ ਨੌਕਰੀਆਂ 'ਤੇ ਕਿੰਨੇ ਬੰਦੇ ਲੱਗੇ? ਨੌਕਰੀਆਂ ਮੰਗਦੇ ਕਿੰਨਿਆਂ ਨੇ ਹੱਡ ਤੁੜਵਾਏ?

ਨੇਤਾ : ਮੇਰੇ ਪਾਸ ਇੰਨਾ ਟਾਈਮ ਨਹੀਂ, ਇਕੱਲੇ-ਇਕੱਲੇ ਬੰਦੇ ਦੇ ਸਵਾਲਾਂ ਦਾ ਜਵਾਬ ਦੇਵਾਂ। ਤੂੰ ਸਾਰੇ ਸਵਾਲ ਲਿਖ ਕੇ ਮੇਰੇ ਦਫ਼ਤਰ ਪਹੁੰਚਾ ਦੇ, ਮੇਰਾ ਪੀ.ਏ. ਤੇਰੀ ਤਸੱਲੀ ਕਰਵਾ ਦੇਵੇਗਾ।

ਸਾਹਬੀ : ਤੁਹਾਡੇ ਰਾਜ ਵਿੱਚ ਨੌਕਰੀਆਂ ਵਿਕਦੀਆਂ ਰਹੀਆਂ, ਕੀ ਇਹ ਠੀਕ ਨਹੀਂ?

ਸੰਤਾ : ਫਿਰ ਓਹੀ ਸਵਾਲ?

ਨੇਤਾ : ਕਿਹੋ ਜਿਹਾ ਬੰਦਾ ਮੱਥੇ ਲਵਾ ਦਿੱਤੈ। ਸੰਤੇ ਬੰਤੇ, ਸੁਣੋ ਆਹ ਫੜੋ (ਬੈਗ ਫੜਾਉਂਦਾ ਹੈ) ਤੇ ਸਾਰੇ ਨਗਰ ਤੇ ਧੂੜ ਦਿਓ। ਨਦੀਨ ਦਾ ਨਾਸ ਕਰ ਦਿਓ (ਨੇਤਾ ਚਲਾ ਜਾਂਦਾ ਹੈ, ਨਾਲ ਹੀ ਸੰਤਾ, ਬੱਗਾ ਚਲੇ ਜਾਂਦੇ ਹਨ)

ਸਾਹਬੀ : ਅੱਜ ਪਤਾ ਲੱਗੈ ਬੰਦਾ ਪੈਸਾ ਦਾ ਗੁਲਾਮ ਹੋ ਗਿਐ। ਇਨਸਾਨੀਅਤ ਖੰਭ ਲਾ ਕੇ ਉੱਡ ਗਈ ਏ, ਜੋ ਇਨਸਾਨੀਅਤ ਮੇਰੀ ਇਸ ਕਿਤਾਬ ਨੇ ਮੈਨੂੰ ਸਿਖਾਈ। ਮੇਰੇ ਵਾਸਤੇ ਇੱਥੇ ਕੋਈ ਮੌਕਾ ਨਹੀਂ, ਮੈਨੂੰ ਬਾਹਰ ਜਾਣਾ ਹੀ ਪਵੇਗਾ।

(ਬੂਟਾ ਸਿੰਘ ਆਉਂਦਾ ਹੈ)

ਪਾਪਾ, ਮੈਂ ਵਿਦੇਸ਼ ਜਾਵਾਂਗਾ।

ਬੂਟਾ ਸਿੰਘ : ਹਾਂ ਮੈਂ ਸਭ ਸੁਣ ਲਿਐ..... ਭੇਜਣ ਵਾਲਾ ਬੰਦਾ ਵੀ ਚੰਗਾ ਮਿਲ ਗਿਐ। ਵੀਜਾ ਲੱਗੇ ਪਾਸਪੋਰਟ ਦੀ ਫੋਟੋ ਹੂ-ਬ-ਹੂ ਤੇਰੇ ਨਾਲ ਮਿਲ ਗਈ। ਮੈਂ ਸਭ ਕੁੱਝ ਨਿਬੇੜ ਆਇਆ।

ਸਾਹਬੀ : ਤੇ ਪੈਸੇ?

ਬੂਟਾ ਸਿੰਘ : ਕੋਈ ਨਹੀਂ ਜ਼ਮੀਨ ਜਾਇਦਾਦ ਕਾਹਦੇ ਲਈ ਹੁੰਦੀ ਏ..... ਨਾਲੇ ਚੰਗੇ ਕੰਮ ਵਾਸਤੇ ਈ ਕੀਤੈ.....ਤੈਨੂੰ ਹੁਣੇ ਮੁਲਾਂਪੁਰ ਜਾਣਾ ਪਵੇਗਾ ਪੁੱਤਰਾ....ਅੱਗੇ ਉਹਦੀ ਕਾਰ.....। ਆਹ ਲੈ ਅਡਰੈੱਸ ਤੇ ਆਹ ਲੈ ਪੈਸੇ ਰਾਹ ਵਿੱਚ ਖਾਣ ਤੇ ਦਿਲ ਕਰੇ ਤਾਂ ਖਾ ਲਵੀਂ।

ਸਾਹਬੀ : ਠੀਕ ਏ ਪਾਪਾ। ਮੰਮੀ ਨੂੰ ਮਿਲ ਲਵਾਂ? ਪਾਪਾ ਮੈਂ ਇਹ ਕਿਤਾਬ ਸਦਾ ਕੋਲ ਰੱਖਾਂਗਾ। ਤੁਸੀਂ ਮੈਨੂੰ ਬਹੁਤ ਯਾਦ ਆਉਗੇ।

ਬੂਟਾ ਸਿੰਘ : ਦਿਲ ਨਹੀਂ ਸੀ ਕਰਦਾ ਅੱਖਾਂ ਤੋਂ ਤੈਨੂੰ ਦੂਰ ਕਰਨ ਤੇ.... ਕੀ ਕਰੀਏ.... ਕੁੱਝ ਨਜ਼ਰ ਵੀ ਨਹੀਂ ਸੀ ਆਉਂਦਾ।

(ਕੁਲਵੰਤ ਕੌਰ, ਸਾਹਬੀ ਦੀ ਮਾਂ ਆਉਂਦੀ ਹੈ)

ਕੁਲਵੰਤ ਕੌਰ : ਪੁੱਤਰਾ, ਆਪਣਾ ਖਿਆਲ ਰੱਖੀਂ। ਫਲਾਈਟ ਤੋਂ ਪਹਿਲਾਂ ਫੂਨ ਲਾ ਦੇਵੀਂ। ਸੱਚੇ ਪਾਤਸ਼ਾਹ! ਮੇਰੇ ਪੁੱਤਰ ਦੇ ਅੰਗ ਸੰਗ ਸਹਾਈ ਹੋਵੀਂ।

ਸਾਹਬੀ : ਚੰਗਾ ਪਾਪਾ, ਚੰਗਾ ਮੰਮੀ।

ਮਾਪੇ : ਜੀਂਦਾ ਰਹਿ, ਸਦਾ ਖੁਸ਼ ਰਹੇਂ। (ਸਾਹਬੀ ਜਾਂਦਾ ਹੈ)

ਕੁਲਵੰਤ ਕੌਰ : ਮੇਰੇ ਦਿਲ ਨੂੰ ਪਤਾ ਨਹੀਂ ਕੀ ਹੁੰਦਾ ਪਿਐ (ਰੋ ਪੈਂਦੀ ਹੈ) ਅਜੇ ਕਲ੍ਹ ਤੱਕ ਸਾਡੇ ਹੱਥਾਂ 'ਚ ਖੇਡਦਾ ਰਿਹੈ ਜ਼ਿੰਮੇਵਾਰੀ ਦੀ ਪੰਡ ਹੁਣੇ ਪੈ ਗਈ।

ਬੂਟਾ ਸਿੰਘ : ਮੈਨੂੰ ਤਾਂ ਘਰ ਈ ਸੁੰਨਾ-ਸੁੰਨਾ ਲਗਦਾ ਪਿਐ..... ਕੁੱਝ ਚੰਗਾ ਨਹੀਂ ਲੱਗਦਾ ਪਿਆ ਕੁਲਵੰਤ ਕੌਰੇ (ਰੋ ਪੈਂਦਾ ਹੈ)

ਕੁਲਵੰਤ ਕੌਰ : ਕਿਵੇਂ ਦਾ ਜ਼ਮਾਨਾ ਆ ਗਿਐ। ਆਪਣੀਆਂ ਅੱਖਾਂ ਦੇ ਤਾਰੇ ਅੱਖਾਂ ਤੋਂ ਓਹਲੇ ਕਰਨੇ ਪੈਂਦੇ ਨੇ। ਬੱਚੇ ਜ਼ਰਾ ਕੁ ਹੋਸ਼ ਸੰਭਾਲਦੇ ਨੇ ਤੇ ਉਹਨਾਂ ਨੂੰ.....ਘਰ ਛੱਡਣਾ ਪੈਂਦਾ।

ਬੂਟਾ ਸਿੰਘ : ਹਰ ਕਿਸੇ ਦੀ ਜ਼ਬਾਨ 'ਤੇ ਇਹੋ ਹੁੰਦੈ-ਬੱਚੇ ਦੀ ਸੈਟਿੰਗ ਕਿਵੇਂ ਕਰਨੀ ਏ। ਸੈਟਿੰਗ ਈ ਬਾਰਡਰ ਬਣ ਗਈ ਏ।

ਕੁਲਵੰਤ ਕੌਰ : ਕੀ ਪਤੈ..... ਬਾਹਰ ਕਿਹੜੇ ਹਾਲ ਵਿੱਚ ਰਹੇਗਾ.... ਕਦੇ ਬਾਹਰ ਰਿਹਾ ਈ ਨਹੀਂ।

ਬੂਟਾ ਸਿੰਘ : ਨਾ ਕਰ ਇਵੇਂ ਦੀਆਂ ਗੱਲਾਂ..... ਮੇਰਾ ਦਿਲ ਵੀ ਘਬਰਾਉਣ ਲੱਗ ਪਿਐ। ਹੇ ਰੱਬਾ! ਮੇਰੇ ਪੁੱਤਰ ਦੀ ਮਦਦ ਕਰੀਂ।

ਕੁਲਵੰਤ ਕੌਰ : ਮੇਰਾ ਪੁੱਤਰ ਸੈੱਟ ਹੋ ਜਾਏ.... ਮੈਂ ਤਾਂ ਪੰਜਾਂ ਪਾਠੀਆਂ ਦੀ ਰੋਟੀ ਕਰਾਂਗੀ। ਗੜ੍ਹੀ ਵਾਲੇ ਬਾਬਾ ਜੀ ਦੇ ਡੇਰੇ ਤਿਲ ਫੁੱਲ ਸੇਵਾ ਕਰਾਂਗੀ।

ਪਿੱਛੋਂ ਆਵਾਜ਼ : ਰਾਹ ਵਿੱਚ ਧੱਕੇ ਖਾਣ ਉਪਰੰਤ ਸਾਹਬੀ ਅਮਰੀਕਾ ਪਹੁੰਚ ਗਿਆ। ਕੰਮ ਮਿਲ ਗਿਆ। ਇਸ ਖ਼ਬਰ ਨਾਲ ਉਸ ਦੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਅਮਰੀਕਾ ਤੋਂ ਡਾਲਰ ਆਉਣੇ ਸ਼ੁਰੂ ਹੋ ਗਏ।

(ਸੰਤਾ ਤੇ ਬੱਗਾ ਆਉਂਦੇ ਹਨ)

ਸੰਤਾ : ਵਧਾਈਆਂ ਬੂਟਾ ਸਿੰਘ, ਵਧਾਈਆਂ ਜੀ। ਵਧਾਈਆਂ ਤੇਰੇ ਆਹਰ ਨੂੰ, ਵਧਾਈਆਂ ਪਰਿਵਾਰ ਨੂੰ ਤੇ ਨਾਲ ਸਾਹਬੀ ਸਰਦਾਰ ਨੂੰ ਵਧਾਈਆਂ ਜੀ। ਵਧਾਈ ਦਿਓ ਖੁਸ਼ ਹੋ ਕੇ।

ਬੂਟਾ ਸਿੰਘ : ਆਹ ਲੈ ਸੌ ਰੁਪਈਆ।

ਬੰਤਾ : ਸੌ ਰੁਪਈਆ? ਮੈਂ ਤਾਂ ਪੰਜਾਹ ਡਾਲਰ ਲੈ ਕੇ ਜਾਵਾਂਗਾ। ਅਰਦਾਸਾਂ ਤਾਂ ਮੇਰੀਆਂ ਈ ਲੱਗੀਆਂ।



ਕੁਲਵੰਤ ਕੌਰ : ਤੂੰ ਕੀ ਕਰਨੇ ਡਾਲਰ? ਪਹਿਲਾਂ ਗੜ੍ਹੀ ਵਾਲੇ ਬਾਬਾ ਜੀ ਦੇ ਡੇਰੇ ਭੇਟਾ ਚੜ੍ਹਾਵਾਂਗੀ ਤੇ ਫਿਰ ਤੈਨੂੰ ਵੀ ਖੈਰ ਪਾਵਾਂਗੀ।

ਸੰਤਾ : ਤੇ ਭੰਗੜਾ ਵੀ ਗੜ੍ਹੀ ਵਾਲੇ ਬਾਬੇ ਤੋਂ ਪੁਆਇਓ।

**(ਰੋਸ਼ਨੀ ਸਟੇਜ ਨੰ. 3 'ਤੇ ਪੈਂਦੀ ਹੈ)**

ਸਾਹਬੀ : ਪੂਰੇ ਪੰਜ ਸਾਲ ਲੰਘ ਗਏ, ਪਤਾ ਈ ਨਹੀਂ ਲੱਗਾ। ਦਿਨ ਰਾਤ ਮਸ਼ੀਨ ਈ ਬਣਿਆ ਰਿਹਾਂ। ਕੰਮ ਤੋਂ ਘਰ ਤੇ ਘਰ ਤੋਂ ਕੰਮ, ਕਦੇ ਰੱਜ ਕੇ ਸੌਂ ਨਹੀਂ ਸਕਿਆ। ਅੱਖਾਂ ਵਿੱਚ ਨੀਂਦ ਦੇ ਗੱਡੇ ਤੇ ਉਧਰੋਂ ਅਲਾਰਮ ਦੀ ਮਨਹੂਸ ਆਵਾਜ਼.... ਬਿਸਤਰਾ ਛੱਡ ਕੇ ਮਾੜਾ ਮੋਟਾ ਨਹਾ ਧੋ ਕੇ ਟਰੇਨ ਵਿੱਚ.... ਰੈਸਟੋਰੈਂਟ 'ਚ 12-12 ਘੰਟੇ ਖੜ੍ਹੇ ਹੋ ਕੇ ਕੰਮ, ਫੂਨ ਤੇ ਆਰਡਰ....ਫ਼ਾਸਟ ਫੂਡ, ਟਿਪ ਸਰਵਿਸ-ਥੈਂਕ ਯੂ ਬੈਂਕ ਯੂ ਕਰਦੇ ਕਰਦੇ ਜ਼ਬਾਨ ਵੀ ਝੂਠੀ ਜਿਹੀ, ਸ਼ਰਮਿੰਦੀ ਜਿਹੀ ਹੋ ਗਈ ਏ ਤੇ ਅਹਿਸਾਨਾਂ ਹੇਠਾਂ ਆਪਣੀ ਪਛਾਣ ਗਵਾ ਬੈਠੀ ਏ। ਚਲੋ ਪਾਪਾ ਸ਼ਾਇਦ ਖੁਸ਼ ਹੋਵੇ.... ਮੰਮੀ ਨੇ ਕਦੇ ਪੈਸਾ ਨਹੀਂ ਸੀ ਵੇਖਿਆ, ਸ਼ੈਦ ਉਹ ਵੀ ਹੁਣ ਖੇਡਦੀ ਹੋਵੇਗੀ ਨੋਟਾਂ ਵਿੱਚ।

(ਫੂਨ ਦੀ ਘੰਟੀ ਖੜਕਦੀ ਹੈ) ਪਾਪਾ ਦਾ ਫੂਨ ਏ.... ਹੈਲੋ.... ਪਾਪਾ ਪੈਰੀਂ ਪੈਣਾਂ। ਕੀ ਹਾਲ ਏ ਤੁਹਾਡਾ?

**(ਰੋਸ਼ਨੀ ਸਟੇਜ ਨੰ. 1 ਅਤੇ 3 'ਤੇ ਵਾਰ ਵਾਰ ਪੈਂਦੀ ਹੈ)**

ਬੂਟਾ ਸਿੰਘ : (ਫ਼ੋਨ 'ਤੇ) ਬੱਲੇ ਬੱਲੇ ਹੋ ਰਹੀ ਏ ਸਾਹਬੀ ਰੱਬ ਦੀ ਫੁੱਲ ਕਿਰਪਾ ਏ, ਤੂੰ ਆਪਣਾ ਸੁਣਾ।

ਸਾਹਬੀ : ਠੀਕ ਏ ਪਾਪਾ ਆਪਣੀ ਕੋਠੀ ਠੀਕ ਬਣ ਗਈ ਏ ਨਾ?

ਬੂਟਾ ਸਿੰਘ : ਮੈਂ ਕਿਹੈ ਰਿਕਾਰਡ ਤੋੜ ਕੋਠੀ ਬਣੀ ਏ ਤਿੰਨ ਮੰਜ਼ਲੀ। ਸੰਤਾ ਸਿੰਘ ਤੇ ਰਾਮੂ ਸ਼ਾਹ ਮੂੰਹ ਉਤਾਂਹ ਕਰਕੇ ਕੋਠੀ ਵੱਲ ਵੇਖਣ ਲੱਗੇ ਤਾਂ ਸੰਤਾ ਸਿੰਘ ਦੀ ਪੱਗ ਲੱਥ ਕੇ ਨਾਲੀ ਵਿੱਚ ਜਾ ਡਿੱਗੀ ਤੇ ਥਲਿਓਂ ਗੰਜ ਨਿਕਲ ਆਈ, ਉਹਨੇ ਇਕਦਮ ਨਾਲੀ ਵਿੱਚੋਂ ਹੀ ਪੱਗ ਚੁੱਕ ਕੇ ਸਿਰ 'ਤੇ ਰੱਖ ਲਈ।

ਸਾਹਬੀ : ਪਾਪਾ, ਤੂੰ ਇਵੇਂ ਦੀ ਕੋਠੀ ਵਿੱਚ ਰਹਿ ਕੇ ਖੁਸ਼ ਏਂ ਨਾ?

ਬੂਟਾ ਸਿੰਘ : ਭੁੱਖ ਲਹਿੰਦੀ ਏ ਕੋਠੀ ਵੱਲ ਵੇਖਿਆਂ, ਕੋਠੀ ਕਾਹਦੀ ਏ ਮਹੱਲ ਏ ਮਹੱਲ। ਆਗਰਾ ਮੇਡ ਟਾਈਲਾਂ ਲੱਗੀਆਂ ਨੇ, ਮੂੰਹ ਨਜ਼ਰ ਆਉਂਦੈ ਵਿੱਚੋਂ।

ਸਾਹਬੀ : ਮੰਮੀ ਦਾ ਕੀ ਹਾਲ ਏ? (ਕੁਲਵੰਤ ਕੌਰ ਆਉਂਦੀ ਹੈ)

ਬੂਟਾ ਸਿੰਘ : ਮੰਮੀ ਤੇਰੀ ਦੀ ਤਾਂ ਜੂਨ ਈ ਸੌਰ ਗਈ ਏ। ਬਜ਼ਾਰ ਜਾਂਦੀ ਏ ਤਾਂ ਬੈਗ ਲਮਕਾਈ ਫਿਰਦੀ ਏ। ਦੁਕਾਨਾਂ ਵਾਲੇ ਉਹਨੂੰ ਹੱਥ ਜੋੜ ਕੇ ਕਹਿੰਦੇ ਨੇ

ਆਓ ਆਂਟੀ ਜੀ ਕੀ ਹੁਕਮ ਏ। ਮਾੜੇ ਮੋਟੇ ਬੰਦੇ ਉਹਨੂੰ ਸ਼ਾਹਣੀ ਕਹਿਣ ਲੱਗ ਪਏ ਨੇ। ਲੈ ਕਰਲੈ ਗੱਲ ਆਪਣੀ ਮੰਮੀ ਨਾਲ।

ਸਾਹਬੀ : ਹੈਲੋ ਮੰਮੀ ਮੱਥਾ ਟੇਕਦਾਂ।

ਕੁਲਵੰਤ ਕੌਰ : ਜੀਂਦਾ ਰਹੇਂ, ਜੀਂਦਾ ਰਹੇਂ। ਖੁਸ਼ੀਆਂ ਮਾਣੇਂ, ਚੜ੍ਹਦੀ ਕਲਾ ਰਹੇ ਤੇਰੀ।

ਸਾਹਬੀ : ਪਾਪਾ ਦੱਸਦੇ ਪਏ ਸੀ ਤੇਰੀ ਮੰਮੀ ਦੀ ਅੱਜਕਲ੍ਹ ਟੌਹਰ ਬੜੀ ਹੋ ਗਈ ਏ।

ਕੁਲਵੰਤ ਕੌਰ : ਪੁੱਤਰ ਬਾਹਰ ਗਿਐ ਤਾਂ ਟੌਹਰ ਕਿਵੇਂ ਨਾ ਹੋਵੇ। ਜਦ ਅਸੀਂ ਤੀਜੀ ਮੰਜ਼ਿਲ ਸ਼ੁਰੂ ਕੀਤੀ ਤਾਂ ਗੁਆਂਢੀਆਂ ਦੇ ਢਿੱਡ ਵਿੱਚ ਵੱਟ ਪੈਣ ਲੱਗ ਪਿਆ। ਸੱਤੋ ਅੱਖਾਂ ਪਾੜ ਪਾੜ ਵੇਖੇ ਡਿਪਰ ਮਾਰ ਜਿਹੀ। ਚੰਨੋ ਨੂੰ ਤਾਂ ਅਟੈਕ ਈ ਹੋ ਗਿਐ।

ਸਾਹਬੀ : ਮੰਮੀ, ਪਾਪਾ ਨਾਲ ਗੱਲ ਕਰਾਇਓ। ਇੱਕ ਜ਼ਰੂਰੀ ਗੱਲ ਕਰਨੀ ਏ।

ਕੁਲਵੰਤ ਕੌਰ : ਜ਼ਰੂਰੀ ਗੱਲ? ਮੇਰੇ ਨਾਲ ਕਰ ਲੈ..... ਸੁੱਖ ਤਾਂ ਹੈ? ਤੂੰ ਮੇਰੇ ਨਾਲ ਕਰ.....

ਸਾਹਬੀ : ਤੁਹਾਡੇ ਨਾਲ ਨਹੀਂ, ਪਾਪਾ ਨਾਲ ਕਰਾਓ।

ਕੁਲਵੰਤ ਕੌਰ : ਆਹ ਲਓ, ਕਰ ਲਓ ਗੱਲ।

ਬੂਟਾ ਸਿੰਘ : ਹਾਂ ਪੁੱਤਰ।

ਸਾਹਬੀ : ਪਾਪਾ, ਮੈਨੂੰ ਪੰਜ ਸਾਲ ਹੋ ਗਏ ਇਥੇ। ਪਿੰਡ ਵੇਖਣ ਨੂੰ ਦਿਲ ਕਰਦੈ।

ਬੂਟਾ ਸਿੰਘ : ਪਿੰਡ ਵੇਖਣ ਨੂੰ ਦਿਲ ਤਾਂ ਕਰਦਾ ਹੋਵੇਗਾ ਤੇਰਾ.... ਪਰ ਪੇਪਰ ਤਾਂ ਤੈਨੂੰ ਮਿਲ ਜਾਣ।

ਕੁਲਵੰਤ ਕੌਰ : ਸਪੀਕਰ ਆਨ ਕਰਦੇ, ਹਾਂ ਸਾਹਬੀ ਪੱਕਾ ਹੋ ਕੇ ਆਵੀਂ।

ਸਾਹਬੀ : ਪੱਕਾ ਹੋਣ ਦਾ ਕੋਈ ਚਾਂਸ ਨਹੀਂ ਅਜੇ।

ਕੁਲਵੰਤ ਕੌਰ : ਕਿਧਰੇ ਵਿਆਹ ਈ ਕਰ ਲੈ। ਪਰ ਵਿਆਹ ਪੱਕਾ ਨਾ ਕਰੀਂ।

ਸਾਹਬੀ : ਹੋਰ ਕੱਚਾ ਵਿਆਹ ਕਰਾਂ?

ਕੁਲਵੰਤ ਕੌਰ : ਹੋਰ ਕੀ ਚਲਾ ਦੇ ਕੋਈ ਗੇਮ.....

ਬੂਟਾ ਸਿੰਘ : ਪੁੱਤਰਾ ਵਿਆਹ ਲੈ ਕੋਈ ਮੇਮ। ਭਾਵੇਂ 70 ਸਾਲ ਦੀ ਹੋਵੇ।

ਸਾਹਬੀ : ਮੇਮਾਂ ਨਹੀਂ ਆਉਂਦੀਆਂ ਗੱਲਾਂ ਵਿੱਚ, ਜੇ ਤੁਸੀਂ ਕਹੋ ਤਾਂ ਦੋ ਕੁ ਸਾਲ ਹੋਰ ਲਾ ਕੇ ਪੱਕੇ ਤੌਰ ਤੇ ਆ ਜਾਵਾਂ, ਇੰਡੀਆ ਵਿੱਚ ਕੋਈ ਕੰਮ ਕਾਰ ਕਰ ਲਵਾਂਗਾ। ਆਪਣੀ ਨੀਂਦੇ ਸੌਂਵਾਂਗਾ ਤੇ ਆਪਣੀ ਨੀਂਦੇ ਉਠਾਂਗਾ।



ਕੁਲਵੰਤ ਕੌਰ : ਤੂੰ ਤਾਂ ਸਾਡੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ ਏ। ਹੁਣੇ ਹੁਣੇ ਤਾਂ ਸਾਡੀ ਕਿਸਮਤ ਖੁੱਲ੍ਹੀ ਏ, ਜਿਹੜੇ ਸੁਫਨੇ ਮੈਂ ਲਏ ਨੇ ਉਹ....

ਸਾਹਬੀ : ਮੰਮੀ ਤੂੰ ਸਾਰੀ ਉਮਰ ਸੁਫਨਿਆਂ ਵਿੱਚ ਈ ਕੱਢ ਦੇਵੇਂਗੀ। ਜ਼ਿੰਦਗੀ ਕੀ ਹੈ? ਤੁਸੀਂ ਸ਼ਾਇਦ ਨਹੀਂ ਜਾਣਦੇ.....

ਬੂਟਾ ਸਿੰਘ : ਸਾਹਬੀ, ਮਾੜੀ ਮੋਟੀ ਪੇਪਰ ਮੈਰਿਜ ਈ ਕਰ ਛੱਡ, ਕੋਈ ਕਰ ਹੀਲਾ ਵਸੀਲਾ, ਪਰ ਅਜੇ ਇੰਡੀਆ.....

ਸਾਹਬੀ : ਨਹੀਂ ਆਵਾਂਗਾ, ਓ.ਕੇ. ਪਾਪਾ। (ਫੂਨ ਕੱਟ ਦਿੰਦਾ ਹੈ) ਪੇਪਰ ਮੈਰਿਜ.... ਕੱਚਾ ਵਿਆਹ.... ਪੱਕਾ ਬੰਦਾ, ਇਹ ਕੀ ਨੇ? ਮੈਂ ਵਿਆਹ ਨੂਰੀ ਨਾਲ ਈ.....

(ਬੱਗਾ ਫੂਨ ਕਰਦਾ ਹੈ)

ਹੈਲੋ ਕੌਣ? ਬੱਗਾ? ਕੀ ਹਾਲ ਏ?

ਬੰਤਾ : (ਫੋਨ ਤੋਂ) ਸਾਡਾ ਤਾਂ ਠੀਕ ਏ ਪਰ ਤੇਰਾ ਲੁੱਟਿਆ ਗਿਆ ਸ਼ਹਿਰ ਭੰਬੋਰ। ਨੂਰੀ ਦਾ ਵਿਆਹ ਸਪੇਨ ਰਹਿੰਦੇ ਮੁੰਡੇ ਨਾਲ। ਪ੍ਰਿੰਟਿੰਗ ਪ੍ਰੈੱਸ ਤੇ ਵੇਖ ਕੇ ਆਇਆਂ ਕਾਰਡ। ਬੋਲਦਾ ਨਹੀਂ, ਸੁੰਨ ਹੋ ਗਿਐਂ।

ਸਾਹਬੀ : ਹਾਂ ਹਾਂ ਬੋਲ।

ਬੰਤਾ : ਮੈਂ ਦੌੜਿਆ-ਦੌੜਿਆ ਨੂਰੀ ਘਰ ਗਿਆ, ਅੱਗੋਂ ਨੂਰੀ ਕਹਿੰਦੀ ਲੰਘ ਗਏ ਪਾਣੀ ਕਦੋਂ ਵਾਪਿਸ ਆਉਂਦੇ ਨੇ। ਹੌਂਸਲਾ ਰੱਖੀਂ ਯਾਰ, ਪਿਆਰ ਪਿਊਰ ਸਭ ਬਕਵਾਸ ਏ। ਚੰਗਾ ਓ.ਕੇ.।

ਸਾਹਬੀ : ਕਈ ਸਾਲਾਂ ਦੇ ਸਮੋਏ ਹੋਏ ਸੁਫਨੇ ਕਫੂਰ ਵਾਂਗ ਉੱਡ ਪੁੱਡ ਗਏ ਨੇ। ਤਿਣਕਾ ਤਿਣਕਾ ਕਰ ਆਲਣਾ ਬਣਾਇਆ ਸੀ, ਹਨੇਰੀ ਆਈ ਤੇ ਸਭ....ਤਿਣਕਾ ਤਿਣਕਾ ਬਿਖਰ ਗਿਆ। ਨੂਰੀ....ਬੱਸ ਇੰਨੀ ਕੁ ਸੀ ਕਹਾਣੀ.....ਮੈਂ ਤਾਂ ਤੈਨੂੰ ਰੱਬ ਵਾਂਗ ਯਾਦ..... (ਕਿਤਾਬ ਦੇ ਸਫ਼ੇ ਪਲਟਦਾ ਹੈ)

ਗੀਤ : ਤੂੰ ਨਜ਼ਰ ਨਾ ਆਵੇਂ ਤਾਂ ਪਤਝੜ ਆਉਂਦੀ

ਤੇਰੇ ਆਇਆਂ ਕੋਇਲ, ਪਈ ਗੀਤ ਆਉਂਦੀ।

ਇਸ ਸੁੰਨੀ ਮਹਿਫ਼ਲ ਨੇ, ਤੇਰੇ ਆਇਆਂ ਜਚਨਾਂ

ਸੁਣ ਮੇਰਿਆ ਸਜਨਾਂ, ਸੀ ਤੇਰੇ ਨਾਲ ਹੱਸਣਾ.....

ਪਿੱਛੋਂ ਆਵਾਜ਼- ਸਾਹਬੀ ਦੇ ਵਿਦੇਸ਼ ਵਿੱਚ ਦਸ ਸਾਲ ਬੀਤ ਗਏ, ਮਾਂ ਪਿਓ ਦੀ ਆਗਿਆ ਦਾ ਪਾਲਨ ਕਰਦੇ ਹੋਏ ਉਹਨੇ ਵਿਆਹ ਕਰਵਾ

ਲਿਆ ਤੇ ਦੋ ਬੱਚਿਆਂ ਨੇ ਜਨਮ ਲਿਆ ਤੇ ਪਿੱਛੋਂ ਮਾਂ ਪਿਓ ਬਿਮਾਰ ਰਹਿਣ ਲੱਗ ਪਏ।

ਬੂਟਾ ਸਿੰਘ : ਦਸ ਸਾਲ ਤੋਂ ਉਪਰ ਟੈਮ ਹੋ ਗਿਐ ਸਾਹਬੀ ਨੂੰ ਗਿਆਂ। ਬੁਢਾਪੇ ਵਿੱਚ ਔਲਾਦ ਦੀ ਲੋੜ ਪੈਂਦੀ ਏ।

(ਕੁਲਵੰਤ ਕੌਰ ਵਿਹੜੇ ਵਿੱਚ ਮੰਜੀ ਡਾਂਹਦੀ ਹੈ ਅਤੇ ਢਿੱਲੇ ਜਿਹੇ ਸਰੀਰ ਨਾਲ ਬੈਠ ਜਾਂਦੀ ਹੈ)

ਕੁਲਵੰਤ ਕੌਰ : ਹਾਏ ਰੱਬਾ! ਸਰੀਰ ਵਿੱਚ ਤਾਂ ਜਿਵੇਂ ਜਾਨ ਹੀ ਨਹੀਂ ਰਹੀ। ਇੱਟ ਵਰਗਾ ਪੱਕਾ ਸੀ ਸਰੀਰ, ਪਤਾ ਨਹੀਂ ਤਾਕਤ ਕਿੱਥੇ ਗਈ?

ਬੂਟਾ ਸਿੰਘ : ਜਦ ਦਾ ਹੱਥੀਂ ਕੰਮ ਕਰਨਾ ਬੰਦ ਕਰ ਦਿੱਤਾ ਤਾਂ ਸਾਰੀਆਂ ਬਿਮਾਰੀਆਂ ਕੱਠੀਆਂ ਹੋ ਕੇ ਸਾਡੇ ਕੋਲ ਆ ਗਈਆਂ ਨੇ। ਉਹ ਸਾਹਮਣੇ ਕੰਧ ਤੇ ਸੂਰਜ ਦੀ ਮੱਠੀ ਮੱਠੀ ਧੁੱਪ ਨੂੰ ਵੇਖ ਕੇ ਜਾਪਦੈ ਜਿਵੇਂ ਸਾਡੀ ਜ਼ਿੰਦਗੀ ਦੀ ਵੀ ਸ਼ਾਮ ਪੈ ਗਈ ਏ।

ਕੁਲਵੰਤ ਕੌਰ : ਹੁਣ ਤਾਂ ਆਹ ਦੁਨੀਆਂ ਵੀ ਓਪਰੀ-ਓਪਰੀ ਲੱਗਦੀ ਏ। ਉਹ ਵੀ ਵਕਤ ਸੀ ਜਦ ਮੈਂ ਪੈਰ ਧਰਤੀ 'ਤੇ ਧਰਦੀ ਸੀ, ਲੋਕ ਕਹਿੰਦੇ ਸੀ ਧਰਤੀ ਥਰ ਥਰ ਕੰਬਦੀ ਪਈ ਏ ਪਰ ਹੁਣ ਤਾਂ ਖੁਦ ਹੀ ਥਰ ਥਰ ਕੰਬਣ ਲੱਗ ਪਈ ਆਂ।

ਬੂਟਾ ਸਿੰਘ : ਵਕਤ ਦਾ ਘੋੜਾ ਬੜਾ ਅੱਥਰਾ ਏ, ਬੇਲਗਾਮ ਏ। ਦੂਜਾ ਜਦ ਸਾਹਬੀ ਦਾ ਫ਼ੂਨ ਆਉਂਦੈ, ਬੱਸ ਸਿਹਤ ਦਾ ਹਾਲ ਚਾਲ ਈ ਪੁੱਛਿਆ ਜਾਂਦੈ। (ਫ਼ੂਨ ਦੀ ਘੰਟੀ ਵੱਜਦੀ ਹੈ) ਹੈਲੋ.....

ਸਾਹਬੀ : ਪਾਪਾ ਸਿਹਤ ਕਿਵੇਂ?

ਬੂਟਾ ਸਿੰਘ : ਕਾਹਦੀ ਸਿਹਤ? ਦਵਾਈਆਂ ਨਾਲ ਹੀ ਲੱਤਾਂ ਧੂੰਹਦੇ ਧੂੰਹਦੇ ਜੂਨ ਪੂਰੀ ਕਰਦੇ ਪਏ ਆਂ। ਤੂੰ ਆ ਜਾਵੇਂ.... ਸ਼ੈਦ ਸਾਹਬੀ ਰੌਣਕ ਫਿਰ ਪਰਤ ਆਵੇ।

ਸਾਹਬੀ : ਮੰਮੀ ਤੁਸੀਂ ਕਿਵੇਂ?

ਕੁਲਵੰਤ ਕੌਰ : ਦਿਲ ਨੂੰ ਘਬਰਾਹਟ ਬੜੀ ਹੁੰਦੀ ਏ, ਸਾਰੀ ਸਾਰੀ ਰਾਤ ਜਗਰਾਤਾ ਕਰਨਾ ਪੈਂਦੇ, ਕੋਈ ਰਾਤ ਕਰਮਾਂ ਆਲੀ ਹੁੰਦੀ ਏ ਜਦ ਘੜੀ ਨੀਂਦ ਆ ਜਾਂਦੀ ਏ। ਬਲੱਡ ਪਰੈਸ਼ਰ ਈ ਨਹੀਂ ਟਿਕਦਾ, ਕਦੇ ਇੰਨਾ ਵੱਧ ਜਾਂਦੈ ਕਿ ਇੰਜ ਲਗਦੈ ਮੈਂ ਹੁਣੇ ਡਿੱਗ ਪੈਣੈ ਜ਼ਮੀਨ ਤੇ। ਤੂੰ ਆ ਜਾ, ਜਿਵੇਂ ਮਰਜ਼ੀ ਕਰ, ਜ਼ਰੂਰ ਮਿਲ ਜਾ ਮੇਰਾ ਪੁੱਤਰ।

ਸਾਹਬੀ : ਮੰਮੀ ਕੀ ਕਰਾਂ? ਜਦ ਮੈਂ ਆਉਂਦਾ ਸੀ, ਤੁਸੀਂ ਨਹੀਂ ਮੰਨੇ। ਹੁਣ ਵਿਆਹ ਹੋ ਗਿਐ, ਬੱਚੇ ਹੋ ਗਏ, ਬੱਚੇ ਪੱਕੇ ਨੇ ਇਥੇ। ਨਾਲੇ ਕੰਮ



ਖੋਹਲ ਲਿਐ ਤੇ ਪਾਰਟਨਰ ਕੀ ਦੇਵੇਗਾ ਜੇ ਮੈਂ ਈ ਇਥੋਂ ਚਲਾ ਗਿਆ, ਪੇਪਰ ਮੇਰੇ ਪਾਸ ਹੈ ਨਹੀਂ। ਮੈਨੂੰ ਤੁਸੀਂ ਆਪਣੇ ਕੋਲ ਈ ਸਮਝੋ.... ਦਿਲ ਵਿੱਚ ਵਸਾ ਕੇ ਰੱਖੋ। ਸਿਹਤ ਦਾ ਖਿਆਲ ਰੱਖੋ ਜਿਵੇਂ ਡਾਕਟਰ ਕਹੇ ਉਸੇ ਤਰ੍ਹਾਂ ਕਰੋ। ਪੈਸੇ ਕਹੋਗੇ ਤਾਂ ਹੋਰ ਭੇਜ ਦੇਨਾਂ। ਚੰਗਾ ਪਾਪਾ, ਚੰਗਾ ਮੰਮੀ। ਕਸਟਮਰ ਆ ਗਿਐ...

(ਫ਼ੂਨ ਬੰਦ ਹੋ ਜਾਂਦਾ ਹੈ)

ਕੁਲਵੰਤ ਕੌਰ : ਹੁਣ ਕੀ ਹੋਵੇਗਾ? ਹੈ ਕੋਈ ਆਸ?

ਬੂਟਾ ਸਿੰਘ : ਅੱਜ ਪਤਾ ਲੱਗੈ ਮਾਂ ਪਿਓ ਲਈ ਉਹਦੇ ਬੱਚੇ ਹੀ ਸਭ ਤੋਂ ਵੱਡੀ ਦੌਲਤ ਨੇ। ਬਿਹਾਰ, ਯੂ.ਪੀ. ਤੋਂ ਆ ਕੇ ਲੋਕ ਇੱਥੇ ਕਮਾਈ ਕਰ ਹੀ ਰਹੇ ਨੇ। ਫਿਰ.... ਅਸੀਂ ਕਿਉਂ ਖੇਰੂੰ ਖੇਰੂੰ ਹੋ ਗਏ।

ਗੀਤ : ਉੱਡ ਪੁੱਡ ਗਈਆਂ ਮਹਿਫ਼ਲਾਂ

ਤੇ ਗਏ ਗਵਾਚੇ ਹਾਸੇ।

ਪਿਆਸ ਮਿਲਣ ਦੀ ਰਹਿ ਗਈ,

ਕੋਈ ਇਸ ਪਾਸੇ, ਕੋਈ ਉਸ ਪਾਸੇ।

(ਚੋਰ ਆਉਂਦਾ ਹੈ)

ਕੁਲਵੰਤ ਕੌਰ : ਹੈਂ ਚੋਰ? ਲੋਕੋ, ਚੋਰ.... ਚੋਰ।

ਚੋਰ : ਚੁੱਪ, ਨਹੀਂ ਤਾਂ ਤੁਹਾਡੀ ਅੰਤਮ ਅਰਦਾਸ ਕਰ ਦਿਆਂਗਾ।

ਬੂਟਾ ਸਿੰਘ : ਚੋਰੀ ਕਰਨ ਆਇਐਂ?

ਚੋਰਾ : ਹੋਰ ਤੇਰੀ ਮਾਂ ਦੇ ਮਕਾਣੇ ਆਇਆਂ।

ਬੂਟਾ ਸਿੰਘ : ਮਾਂ ਤਾਂ ਕਦੋਂ ਦੀ....

ਚੋਰ : ਬੁੜਿਆ ਲਾਹ ਦੇ ਕੜਾ ਤੇ ਆਹ ਚੈਨੀ ਵੀ ਲਾਹ ਦੇ, ਚੈਨੀ ਐਂ ਪਾਈ ਫਿਰਦੈ ਜਿਵੇਂ ਘੋੜੀ ਚੜ੍ਹਣੈਂ। ਬੁੜੀਏ ਤੂੰ ਵੀ ਲਾਹ ਦੇ ਚੂੜੀਆਂ ਨਹੀਂ ਤਾਂ ਇਹ ਰਾਮਪੁਰ ਦਾ ਬਣਿਆ ਚਾਕੂ ਆਰ ਪਾਰ ਹੋ ਜਾਵੇਗਾ।

ਬੂਟਾ ਸਿੰਘ : ਤੈਨੂੰ ਜੋ ਲੱਭਦੈ ਲੈ ਜਾ ਪੁੱਤਰਾ।

ਚੋਰ : ਚੁੱਪ! ਚੋਰ ਕਿਸੇ ਦੇ ਪੁੱਤਰ ਨਹੀਂ ਹੁੰਦੇ। ਕੈਸ਼ ਇਧਰ ਏ?

ਬੂਟਾ ਸਿੰਘ : ਅਲਮਾਰੀ 'ਚ (ਕੁਲਵੰਤ ਕੌਰ ਨੂੰ) ਦੇ ਦੇ ਚਾਬੀ ਇਹਨੂੰ।

ਕੁਲਵੰਤ ਕੌਰ : ਪਤਾ ਨਹੀਂ ਕਿੱਥੇ ਪਈ ਏ.....

ਚੋਰ : ਕੱਢਦੇ ਚਾਬੀ ਨਹੀਂ ਤਾਂ.....

ਕੁਲਵੰਤ ਕੌਰ : (ਘਬਰਾਹਟ ਵਿੱਚ) ਆਹ ਫੜ, ਵਾਹਿਗੁਰੂ, ਵਾਹਿਗੁਰੂ।

ਚੋਰ : ਹੂੰ, ਮਾਇਆ ਨਾਲ ਮੋਹ ਨਹੀਂ ਟੁੱਟਿਆ ਬੁੜੀਏ! ਹੱਡੀਆਂ ਤੇਰੀਆਂ ਕੀਰਤਪੁਰ ਜਾਣ ਦੀ ਤਿਆਰੀ ਕਰਦੀਆਂ ਪਈਆਂ ਨੇ। ਮੇਰੇ ਆਉਣ ਦੀ ਹਵਾ ਨਹੀਂ ਕੱਢਣੀ, ਨਹੀਂ ਤਾਂ.... ਮੈਂ ਪੱਕਾ ਚੋਰ ਆਂ (ਹੱਸਦਾ ਹੋਇਆ ਚਲਾ ਜਾਂਦਾ ਹੈ)

ਕੁਲਵੰਤ ਕੌਰ : ਦਿਨ ਦੀਵੀਂ ਲੁੱਟ ਕੇ ਲੈ ਗਿਆ। ਮੈਂ ਫ਼ੂਨ ਲਾਉਣੀ ਆਂ ਸਾਹਬੀ ਨੂੰ।

ਬੂਟਾ ਸਿੰਘ : ਉਹਨੂੰ ਕਿਉਂ ਪਰੇਸ਼ਾਨ ਕਰਦੀ ਏਂ, ਇਹ ਦਿਨ ਵੀ ਵੇਖਣੇ ਪੈਣੇ ਸੀ।

**(ਰੋਸ਼ਨੀ ਸਟੇਜ ਨੰ. 1 ਅਤੇ 3 'ਤੇ ਪੈਂਦੀ ਹੈ)**

ਕੁਲਵੰਤ ਕੌਰ : ਤੂੰ ਚੁੱਪ ਰਹਿ (ਫ਼ੂਨ ਲਾਉਂਦੀ ਹੈ) ਸਾਹਬੀ! ਅਸੀਂ ਲੁੱਟੇ ਗਏ। (ਰੋ ਪੈਂਦੀ ਹੈ)

ਫ਼ੂਨ ਤੋਂ ਸਾਹਬੀ: (ਘਬਰਾਹਟ ਵਿੱਚ) ਕੀ ਹੋਇਆ ਮੰਮੀ? ਪਾਪਾ ਠੀਕ ਏ ਨਾ?

ਕੁਲਵੰਤ ਕੌਰ : ਚੋਰ ਲੁੱਟ ਕੇ ਲੈ ਗਿਆ। ਤੇਰੇ ਪਾਪਾ ਦਾ ਕੜਾ ਤੇ ਚੈਨੀ ਤੇ ਮੇਰੀਆਂ ਚੂੜੀਆਂ ਲੁਹਾ ਕੇ ਲੈ ਗਿਆ। ਮੇਰੀਆਂ ਬਾਹਵਾਂ.....

ਸਾਹਬੀ : ਤੁਸੀਂ ਤਾਂ ਠੀਕ ਹੋ ਨਾ?

ਕੁਲਵੰਤ ਕੌਰ : ਸਾਨੂੰ ਕਿਹੜਾ ਗੋਲੀ ਵੱਜੀ ਏ ਪਰ.....

ਸਾਹਬੀ : (ਟੋਕ ਕੇ) ਪਾਪਾ ਨਾਲ ਗੱਲ ਕਰਵਾ। (ਕੁਲਵੰਤ ਕੌਰ ਫ਼ੂਨ ਬੂਟਾ ਸਿੰਘ ਨੂੰ ਦਿੰਦੀ ਹੈ)

ਬੂਟਾ ਸਿੰਘ : ਹਾਂ ਸਾਹਬੀ, ਮੈਂ ਤਾਂ ਇਹਨੂੰ ਕਿਹਾ ਸੀ ਫ਼ੂਨ ਨਾ ਕਰ।

ਸਾਹਬੀ : ਪਾਪਾ, ਮੈਂ ਪੇਪਰ ਭੇਜਣਾਂ। ਤੁਸੀਂ ਦੋਵੇਂ ਮੇਰੇ ਕੋਲ ਆ ਜਾਓ। ਨਾਲੇ ਕਈ ਸਾਲ ਹੋ ਗਏ ਮਿਲਿਆਂ ਨੂੰ।

ਬੂਟਾ ਸਿੰਘ : ਪਰ ਪੁੱਤਰ ਆਹ ਮਹੱਲ ਜਿੱਡੀ ਕੋਠੀ.....

ਸਾਹਬੀ : ਤੁਹਾਨੂੰ ਮੇਰੀ ਸਹੁੰ ਤੁਹਾਨੂੰ ਆਉਣਾ ਹੀ ਪਵੇਗਾ। ਇਥੇ ਬਹਿ ਕੇ ਕੋਈ ਸਲਾਹ ਕਰਾਂਗੇ ਅਗਾਂਹ ਕੀ ਕਰਨਾ ਏ। ਚੰਗਾ ਓ.ਕੇ.

ਕੁਲਵੰਤ ਕੌਰ : ਤਾਂ ਫਿਰ ਸਾਨੂੰ ਜਾਣਾ ਹੀ ਪਵੇਗਾ?

ਬੂਟਾ ਸਿੰਘ : (ਉਦਾਸੀ ਵਿੱਚ) ਹਾਂ ਜਾਣਾ ਹੀ ਪਵੇਗਾ! (ਦੋਵੇਂ ਉਦਾਸੀ ਵਿੱਚ ਹਾਲਾਤ ਸਾਹਵੇਂ ਬੇਬਸੀ ਦੀ ਹਾਲਤ ਵਿੱਚ ਅਮਰੀਕਾ ਜਾਣ ਦੀ ਤਿਆਰੀ ਕਰਦੇ ਜਾਪਦੇ ਹਨ)

ਪਿੱਛੋਂ ਗੀਤ ਦੀ ਆਵਾਜ਼ - ਆਪਣੇ ਗੀਤ ਕਿੰਜ ਗਾਈਏ

ਬੋਲ ਨਾ ਚੜ੍ਹਦੇ ਸਾਜ ਤੇ।
ਆਪਣੀ ਮਿੱਟੀ ਤੋਂ ਮੂੰਹ ਫੇਰ ਕੇ
ਚੜ੍ਹ ਜਾ ਦੂਰ ਜਹਾਜ਼ 'ਤੇ (ਹਨ੍ਹੇਰਾ ਹੋ ਜਾਂਦਾ ਹੈ)



# ਮੈਂ ਮਹਾਂਪੁਰਸ਼ ਨਹੀਂ ਹਾਂ

**ਪਾਤਰ**

ਚਰਨ ਸਿੰਘ : ਤਰਕਸ਼ੀਲ ਸੋਚ ਵਾਲਾ ਇਕ ਆਦਮੀ ਜੋ ਮਜਬੂਰੀ ਕਾਰਨ ਸਾਧ ਬਣਦਾ ਹੈ।

ਭਾਨ ਸਿੰਘ, ਮੋਹਨ : ਦੋਵੇਂ ਭੇਖੀ ਸਾਧ

ਬੰਤੂ : ਭਾਨ ਸਿੰਘ ਦਾ ਪਿਉ

ਜਗਤਾ : ਇੱਕ ਅਨਪੜ੍ਹ ਕਿਸਾਨ

ਔਰਤ : ਇਕ ਸ਼ਰਧਾਲੂ

ਭੁੱਲਾ : ਥੋੜਾ ਪੜ੍ਹਿਆ ਇੱਕ ਨੌਜਵਾਨ

ਅੰਗਰੇਜ਼ : ਖੋਜ ਕਰਨ ਵਾਲਾ ਇਕ ਯਾਤਰੀ

ਚੇਲਾ

ਸਾਧ

ਨੋਟ : ਇਹ ਨਾਟਕ ਰੋਸ਼ਨੀਆਂ ਹੇਠ ਹੀ ਖੇਡਿਆ ਜਾਵੇ ਤਾਂ ਮੰਚਨ ਸਫ਼ਲ ਰਹੇਗਾ। ਜੇ ਦਿਨੇ ਖੇਡਣਾ ਹੀ ਪੈ ਜਾਵੇ ਤਾਂ ਕੰਮ ਚਲਾਉਣ ਲਈ ਸੂਤਰਧਾਰ ਦੀ ਕਾਫ਼ੀ ਭੂਮਿਕਾ ਦੀ ਜ਼ਰੂਰਤ ਪਵੇਗੀ।

# ਮੈਂ ਮਹਾਂਪੁਰਸ਼ ਨਹੀਂ ਹਾਂ

(ਸਟੇਜ 'ਤੇ ਰੋਸ਼ਨੀ ਪੈਂਦੀ ਹੈ)

ਚੇਲਾ : ਬੋਲੋ ਭਗਤੋ, ਜੈ ਸੰਤਾਂ ਦੀ।

ਲੋਕ : ਜੈ ਸੰਤਾਂ ਦੀ।

ਚੇਲਾ : ਗੱਜ ਕੇ ਬੋਲੋ ਜੈ ਸੰਤਾਂ ਦੀ।

ਲੋਕ : ਜੈ ਸੰਤਾਂ ਦੀ, ਜੈ ਸੰਤਾਂ ਦੀ।

ਚੇਲਾ : ਜ਼ੋਰ ਨਹੀਂ ਲੱਗਦਾ

ਲੋਕ : ਜੈ ਸੰਤਾਂ ਦੀ।

ਚੇਲਾ : ਮੂੰਹ ਨਹੀਂ ਥੱਕਦਾ

ਲੋਕ : ਜੈ ਸੰਤਾਂ ਦੀ।

ਚੇਲਾ : ਰਲ ਕੇ ਬੋਲੋ

ਲੋਕ : ਜੈ ਸੰਤਾਂ ਦੀ।

ਚੇਲਾ : ਜੈ ਸੰਤਾਂ ਦੀ।

ਲੋਕ : ਜੈ ਸੰਤਾਂ ਦੀ। (ਸਟੇਜ 'ਤੇ ਸੰਤ ਚਰਨ ਸਿੰਘ ਆਉਂਦਾ ਹੈ)

ਸੰਤ ਚਰਨ ਸਿੰਘ : ਨਾ ਕਹੋ ਜੈ ਸੰਤਾਂ ਦੀ।

ਲੋਕ : ਕਿਉਂ ਨਾ ਕਹੀਏ ਜੈ ਸੰਤਾਂ ਦੀ।

ਚਰਨ ਸਿੰਘ : ਮੇਰੇ 'ਤੇ ਤਰਸ ਖਾਓ, ਨਾ ਕਹੋ ਜੈ ਸੰਤਾਂ ਦੀ......

ਲੋਕ : ਤੁਸੀਂ ਸਾਡੇ 'ਤੇ ਤਰਸ ਖਾਓ, ਸਦਾ ਸਦਾ ਲਈ ਆਪਣਾ ਬਚਾਓ ਰੱਬ ਵੱਲ ਸਾਡਾ ਧਿਆਨ ਲਾਉ, ਜੈ ਸੰਤਾਂ ਦੀ.....

ਚਰਨ ਸਿੰਘ : ਮੇਰੀ ਗੱਲ ਕਿਉਂ ਨਹੀਂ ਮੰਨਦੇ? ਧਿਆਨ ਨਾਲ ਮੇਰੀ ਗੱਲ ਸੁਣੋ। ਤੁਹਾਨੂੰ ਮੇਰੀ ਗੱਲ ਸੁਨਣੀ ਵੀ ਪਵੇਗੀ ਤੇ ਮੰਨਣੀ ਵੀ। ਮੰਨੋਗੇ?

ਲੋਕ : ਮੰਨਾਂਗੇ, ਮੰਨਾਂਗੇ।

ਚਰਨ ਸਿੰਘ : ਰੱਬ ਨੂੰ ਯਾਦ ਕਰਕੇ ਕਹਿ ਰਿਹਾਂ ਮੈਂ ਕੋਈ ਮਹਾਂਪੁਰਸ਼ ਨਹੀਂ ਹਾਂ, ਮੈਂ ਇੱਕ ਆਮ ਆਦਮੀ ਹਾਂ।

ਚੇਲਾ : ਅਸਲੀ ਮਹਾਂਪੁਰਸ਼ ਕਦੋਂ ਆਪਣੇ ਆਪ ਨੂੰ ਮਹਾਂਪੁਰਸ਼ ਸਮਝਦੇ ਨੇ। ਜਦ ਇਹ ਆਪਣੇ ਆਪ ਨੂੰ ਨੀਵਾਂ ਸਮਝਦੇ ਨੇ ਤਾਂ ਇਹ ਸਮਝੋ ਇਹ ਰੱਬੀ ਰੂਪ ਨੇ। ਭਗਤੋ, ਪੈ ਜਾਓ ਚਰਨਾਂ ਨੂੰ। ਬਾਬਿਆਂ ਦੀਆਂ ਲੱਤਾਂ ਘੁੱਟੋ। ਸਿੱਧੇ ਸਵਰਗਾਂ ਨੂੰ ਜਾਵੋਗੇ....

ਚਰਨ ਸਿੰਘ : ਤੁਹਾਡੀ ਮੱਤ ਮਾਰੀ ਗਈ ਏ। ਮੈਂ ਕਦੇ ਹੱਥੀਂ ਕੋਈ ਕੰਮ ਨਹੀਂ ਕੀਤਾ ਤੇ ਮੈਨੂੰ ਭਲਾ ਥਕਾਵਟ ਹੋਈ ਏ? ਮੱਤ ਘੁੱਟੋ ਮੇਰੀਆਂ ਲੱਤਾਂ, ਅੱਗੇ ਨਾ ਆਇਓ।

ਚੇਲਾ : ਮਹਾਂਪੁਰਸ਼ ਇਵੇਂ ਈ ਝਿੜਕਦੇ ਨੇ, ਉੱਚੀ ਬੋਲੋ – ਜੈ ਸੰਤਾਂ ਦੀ।

ਲੋਕ : ਜੈ ਸੰਤਾਂ ਦੀ।

ਚਰਨ ਸਿੰਘ : ਸਮਝਣ ਦੀ ਕੋਸ਼ਿਸ਼ ਕਰੋ, ਆਪਣੀਆਂ ਅੱਖਾਂ ਖੋਹਲੋ।

ਚੇਲਾ : ਉਹ ਤਾਂ ਤੁਸੀਂ ਖੋਹਲਣੀਆਂ ਨੇ ਬਾਬਾ ਜੀ।

ਚਰਨ ਸਿੰਘ : ਤੁਸੀਂ ਕੋਈ ਅੰਨ੍ਹੇ ਹੋ? ਜਾਣ ਬੁੱਝ ਕੇ ਅੰਨ੍ਹੇ ਬਣ ਰਹੇ ਹੋ। ਅੱਖਾਂ ਤੋਂ ਪੱਟੀ ਲਾਹੋ। ਜਿਹੜਾ ਬੰਦਾ ਮੇਰੀ ਗੱਲ ਨਹੀਂ ਸੁਣੇਗਾ, ਉਹ ਮੇਰਾ ਹੈ ਹੀ ਨਹੀਂ।

ਚੇਲਾ : ਸੁਣਾਂਗੇ ਜੀ, ਹੁਕਮ ਕਰੋ ਬਾਬਾ ਜੀ।

ਚਰਨ ਸਿੰਘ : ਤੁਸੀਂ ਮੈਨੂੰ ਕਿਸ ਕੰਮ ਕਰਕੇ ਸੱਦਿਐ?

ਚੇਲਾ : ਐਸ ਸੜਕ 'ਤੇ ਬਣਨ ਵਾਲੇ ਗੇਟ ਦਾ ਨੀਂਹ ਪੱਥਰ ਰੱਖਣ।

ਚਰਨ ਸਿੰਘ : ਮੈਂ ਗੇਟ ਦਾ ਨੀਂਹ ਪੱਥਰ ਨਹੀਂ ਰਖਾਂਗਾ।

ਚੇਲਾ : ਕਿਉਂ ਬਾਬਾ ਜੀ? ਸਾਡੇ ਕੋਲੋਂ ਜ਼ਰੂਰ ਗਲਤੀ ਹੋਈ ਹੋਵੇਗੀ, ਮਾਫ ਕਰਿਓ (ਕੰਨਾਂ ਨੂੰ ਹੱਥ ਲਾ ਕੇ ਬੈਠਕਾਂ ਕੱਢਦਾ ਹਾਂ)

ਚਰਨ ਸਿੰਘ : ਗਲਤੀ ਮੇਰੇ ਕੋਲੋਂ ਹੁੰਦੀ ਰਹੀ ਏ, ਮੈਂ ਝੂਠੀ ਵਾਹ ਵਾਹ ਖੱਟਣ ਵਾਸਤੇ ਲੋਕਾਂ ਨੂੰ ਬੁੱਧੂ ਬਣਾਉਂਦਾ ਰਿਹਾ ਤੇ ਇਵੇਂ ਦੇ ਗੇਟਾਂ ਦਾ ਨੀਂਹ ਪੱਥਰ ਰੱਖਦਾ ਰਿਹਾ।

ਚੇਲਾ : ਬਾਬਾ ਜੀ, ਗੇਟ ਦਾ ਨੀਂਹ ਪੱਥਰ ਰੱਖਣਾ ਗਲਤ ਏ? ਐਸ ਗੇਟ 'ਤੇ ਤੁਹਾਡਾ ਨਾਂ....

ਚਰਨ ਸਿੰਘ : ਬਿਲਕੁਲ ਗਲਤ ਏ, ਸੜਕਾਂ ਚੌੜੀਆਂ ਹੋ ਰਹੀਆਂ ਨੇ। ਕੱਲ੍ਹ ਨੂੰ ਸੜਕ ਚੌੜੀ ਹੋਈ ਤਾਂ ਕੀ ਇਸ ਗੇਟ ਨੂੰ ਵੀ ਚੌੜਾ ਕਰੋਗੇ? ਕਿਵੇਂ ਕਰੋਗੇ?



ਚੇਲਾ : ਗੱਲ ਠੀਕ ਏ ਪਰ....

ਚਰਨ ਸਿੰਘ : ਜਿੰਨਾ ਪੈਸਾ ਇਕ ਗੇਟ 'ਤੇ ਰੋੜਣੈਂ, ਉਨੇ ਪੈਸੇ ਨਾਲ ਆਪਣੇ ਪਿੰਡ ਦੀਆਂ ਬਦਬੂ ਮਾਰਦੀਆਂ ਨਾਲੀਆਂ ਠੀਕ ਕਰੋ, ਪਿੰਡ ਦੀ ਫਿਰਨੀ ਤੇ ਪੱਕੀ ਸੜਕ ਦੇ ਨਾਲ-ਨਾਲ ਕੱਚੀ ਥਾਂ 'ਤੇ ਇੱਟਾਂ ਲਾਓ, ਮਿੱਟੀ ਘੱਟਾ ਤੁਹਾਡੇ ਘਰਾਂ ਵਿੱਚ ਨਹੀਂ ਜਾਵੇਗਾ।

ਚੇਲਾ : ਇਹ ਵੀ ਠੀਕ ਏ ਬਾਬਾ ਜੀ, ਬੋਲੋ ਜੈ ਸੰਤਾਂ ਦੀ।

ਚਰਨ ਸਿੰਘ : ਇਹ ਸੰਤਾਂ ਦੀ ਗੱਲ ਨਹੀਂ। ਤੁਸੀਂ ਮੇਰੀਆਂ ਅੱਖਾਂ 'ਚ ਆਏ ਅਥਰੂ ਵੇਖੋ....

ਚੇਲਾ : ਤੁਸੀਂ ਰੋ ਰਹੇ ਹੋ ਬਾਬਾ ਜੀ....

ਚਰਨ ਸਿੰਘ : ਹਾਂ, ਮੈਂ ਇੱਕ ਭੇਖੀ ਸਾਧ ਹਾਂ। ਮੈਂ ਇਹ ਭੇਖ ਕਿਉਂ ਧਾਰਿਆ? ਮੈਂ ਆਪਣੀ ਕਹਾਣੀ ਵੀ ਦਸਾਂਗਾ ਤੇ ਆਪਣੇ ਨਾਲ ਪੜ੍ਹਦੇ ਬਾਬਾ ਭਾਨ ਸਿੰਘ ਦੀ ਵੀ, ਜਿਹਦਾ ਮੈਂ ਵਿਰੋਧ ਵੀ ਕੀਤਾ ਪਰ ਲੋਕਾਂ ਨੇ ਮੈਨੂੰ ਸਹਿਯੋਗ ਨਾ ਦਿੱਤਾ। ਅੱਜ ਮੈਂ ਇਹ ਭੇਖ ਲਾਹ ਕੇ ਸਾਰੀ ਕਹਾਣੀ ਦੱਸਾਂਗਾ। ਸੁਣੋਗੇ?

ਚੇਲਾ : ਹਾਂ ਜੀ ਸੁਣਾਂਗੇ, ਸਾਧ ਸੰਗਤ ਜੀ, ਧਿਆਨ ਨਾਲ ਸੁਣਿਓ। ਮਹਾਂਪੁਰਸ਼ਾਂ ਦੀਆਂ ਕਈ ਰਮਜ਼ਾਂ ਹੁੰਦੀਆਂ ਨੇ।

ਚਰਨ ਸਿੰਘ : ਮੈਂ ਮਹਾਂ ਪੁਰਸ਼ ਕਿਵੇਂ ਬਣਿਆ? ਦੱਸਾਂਗਾ। ਬਾਬਾ ਭਾਨ ਸਿੰਘ ਮਹਾਂਪੁਰਸ਼ ਕਿਵੇਂ ਬਣਿਆ? ਇਹ ਵੀ ਜ਼ਰੂਰ ਦਸਾਂਗਾ। ਗੱਲ ਉਨ੍ਹਾਂ ਸਮਿਆਂ ਦੀ ਏ ਜਦ ਮੈਂ ਤੇ ਭਾਨ ਸਿੰਘ ਕਾਲਜ ਵਿੱਚ ਬੀ.ਏ. ਫਾਈਨਲ ਵਿੱਚ ਪੜ੍ਹਦੇ ਸੀ। ਭਾਨ ਸਿੰਘ ਤੇ ਮੋਹਨ ਸਿੰਘ ਦੋਵੇਂ ਦੋਸਤ ਸਨ।

(ਰੋਸ਼ਨੀ ਬੁੱਝ ਕੇ ਫਿਰ ਸਟੇਜ ਦੇ ਕਿਸੇ ਹੋਰ ਥਾਂ 'ਤੇ ਪੈਂਦੀ ਹੈ ਮੱਧਮ ਰੋਸ਼ਨੀ ਕੰਬਦੀ ਕੰਬਦੀ ਪ੍ਰਤੀਤ ਹੁੰਦੀ ਹੈ)

ਬੰਤੂ : ਐਤਕਾਂ ਤਾਂ ਭਾਨ ਸਿੰਘ ਪਾਸ ਹੋਵੇਗਾ ਹੀ। ਪਾਸ ਹੋ ਗਿਆ ਤਾਂ ਪੌਂ ਬਾਰਾਂ। ਚੌਦਾਂ ਜਮਾਤਾਂ ਪਾਸ ਕਰਕੇ ਅਫ਼ਸਰ ਬਣੇਗਾ। ਜਦ ਅਫ਼ਸਰ ਬਣ ਕੇ ਟੌਹਰ ਕੱਢ ਕੇ ਘਰ ਆਵੇਗਾ ਤਾਂ ਸਾਰਾ ਪਿੰਡ ਵਧਾਈ ਦੇਣ ਢੁੱਕੇਗਾ। ਬਸ ਕੱਲਾ ਬਿੱਲਾ ਕਾਣਾ ਸੜ ਸੜ ਹੋਵੇਗਾ ਕੋਲਾ ਸਾਲਾ ਡਿਪਰ ਮਾਰ, ਹੋਈ ਜਾਏ ਮੈਨੂੰ ਕੀ? ਮੈਂ ਵੀ ਪੈਂਟ ਪਾਉਣ ਦਾ ਸ਼ੌਂਕ ਪੂਰਾ ਕਰਾਂਗਾ। ਰੂੜੀ ਮਾਰਕੇ ਦੀ ਥਾਂ ਮੈਂ ਵਿਸਕੀ ਪੀਵਾਂਗਾ।

(ਭਾਨ ਸਿੰਘ ਆਉਂਦਾ ਹੈ)

ਕੀ ਬਣਿਐ? ਪਾਸ ਹੋਇਐਂ ਕਿ....?

ਭਾਨ ਸਿੰਘ : ਬਾਪੂ ਦੋ ਨੰਬਰਾਂ ਦੀ ਕਸਰ ਖਾ ਗਿਆਂ। ਕਿਧਰੇ ਦੋ ਨੰਬਰ ਹੋਰ ਆ ਜਾਂਦੇ ਤਾਂ ਬੀ.ਏ. ਵੀ ਕਲੀਅਰ ਹੋ ਜਾਂਦੀ।

ਬੰਤੂ : ਤੂੰ ਫਿਰ ਫੇਲ੍ਹ ਹੋ ਗਿਐਂ? ਪਿਛਲੇ ਸਾਲ ਵੀ ਚੰਨ ਚਾੜ੍ਹ ਦਿੱਤਾ ਸੀ ਉਦੋਂ ਵੀ ਕਹਿੰਦਾ ਸੀ ਦੋ ਨੰਬਰਾਂ ਤੋਂ ਰਹਿ ਗਿਆਂ। ਤੈਨੂੰ ਆਹ ਦੋ ਨੰਬਰਾਂ ਵਾਸਤੇ ਕਿੰਨੇ ਸਾਲ ਚਾਹੀਦੇ ਨੇ?.... ਤੂੰ ਸਾਡੀਆਂ ਜੜ੍ਹਾਂ 'ਚ ਤੇਲ ਦੇ ਦਿੱਤੈ ਓ ਨਲੈਕਾ ਜਹਾਨ ਦਿਆ। ਸਾਰਾ ਸਾਲ ਕੀ ਕਰਦਾ ਰਿਹੈਂ ਹੋਸਟਲ ਵਿੱਚ? ਉਥੇ ਕਿਤਾਬਾਂ ਨਾਲ ਮੱਥਾ ਮਾਰਨ ਤੋਂ ਬਿਨਾਂ ਕੰਮ ਕਿਹੜਾ ਸੀ ਤੈਨੂੰ? ਬੋਲਦਾ ਕਿਉਂ ਨਹੀਂ, ਸਾਰਾ ਸਾਲ ਕਿਹੜੇ ਕੁੱਤੇ ਖੱਸੀ ਕਰਦਾ ਰਿਹੈਂ?

ਭਾਨ ਸਿੰਘ : ਪੜ੍ਹਦਾ ਰਿਹਾਂ, ਹੋਰ ਕੀ ਕਰਦਾ ਰਿਹਾਂ।

ਬੰਤੂ : ਸਾਲਾ ਮੇਰਾ ਪਤਾ ਨਹੀਂ ਕੀ ਪੜ੍ਹਦਾ ਰਿਹੈ। ਦੋ ਸਾਲਾਂ ਵਿੱਚ ਤੈਥੋਂ ਇਕ ਜਮਾਤ ਨਹੀਂ ਪਾਸ ਹੋਈ। ਲੋਕ ਪਹਿਲੇ ਸਾਲ ਹੀ ਮਾਰ ਕੇ ਛਾਲ ਅਗਲੀ ਜਮਾਤੇ ਜਾ ਚੜ੍ਹਦੇ ਨੇ ਤੇ ਤੂੰ....ਬੰਦਾ ਹੋਵੇ ਤਾਂ ਛੱਪੜੀ ਵਿੱਚ ਨੱਕ ਡੋਬ ਕੇ ਮਰ ਜਾ ਕਲੈਹਣਿਆਂ।

ਭਾਨ ਸਿੰਘ : ਮਰ ਜਾਵਾਂਗਾ ਜੇ ਹੋਰ ਸਤਾਇਆ ਤਾਂ।

ਬੰਤੂ : ਜਾ ਮਰ ਜਾ, ਘੜੀ ਦਾ ਮਰਦਾ ਹੁਣੇ ਈ ਮਰ ਜਾ। ਤੂੰ ਆਪ ਕੀ ਮਰਨੈ, ਮਾਰ ਤਾਂ ਤੂੰ ਸਾਨੂੰ ਦਿੱਤੈ। ਅਸੀਂ ਆਪਣੀ ਖੂਨ ਪਸੀਨੇ ਦੀ ਕਮਾਈ ਤੇਰੀ ਪੜ੍ਹਾਈ 'ਤੇ ਲਾ ਦਿੱਤੀ। ਅਸੀਂ ਰੁੱਖੀ ਸੁੱਖੀ ਖਾ ਕੇ ਵਕਤ ਸਾਰ ਲਿਆ ਪਰ ਤੈਨੂੰ ਪੈਸਿਆਂ ਦੀ ਤੋਟ ਨਾ ਆਉਣ ਦਿੱਤੀ। ਵੇਖ ਮੇਰੇ ਕੱਪੜੇ ਤੇ ਆਪਣੇ ਵੇਖ, ਕੋਈ ਮੰਨੇਗਾ ਤੂੰ ਮੇਰਾ ਮੁੰਡਾ ਏਂ? ਜੈਂਟਲਮੈਨਾ, ਤੇਰੇ ਪਿੱਛੇ ਸਾਰਾ ਟੱਬਰ ਰੁਲ ਗਿਐ ਤੇ ਤੂੰ ਸਾਡੀਆਂ ਆਸਾਂ ਨੂੰ ਮਿੱਟੀ 'ਚ.....

ਭਾਨ ਸਿੰਘ : ਚਾਅ ਨਾਲ ਤਾਂ ਨਹੀਂ ਫੇਲ੍ਹ ਹੋਇਆ? ਬਥੇਰੀ ਪੜ੍ਹਾਈ ਕੀਤੀ ਕਿ ਪਾਸ ਹੋ ਜਾਵਾਂ ਪਰ ਮੇਰੀ ਕਿਸਮਤ ਦੀ ਰੇਖਾ ਧੋਖਾ ਦੇ ਗਈ।

ਬੰਤੂ : ਧੋਖਾ ਸਾਡੇ ਨਾਲ ਹੋ ਗਿਐ। ਕਰਜ਼ੇ ਨਾਲ ਵਾਲ ਵਾਲ ਵਿੰਨਿਆ ਪਿਐ। ਸ਼ਾਹ ਨੇ ਜਦ ਗਲੇ 'ਚ ਦਿੱਤਾ ਨਾ 'ਗੂਠਾ ਤਾਂ ਫਿਰ ਪਤਾ ਲੱਗੇਗਾ ਕਿਸਮਤ ਦੀ ਰੇਖਾ ਦਾ, ਦੋ ਕਿਲੇ ਪੈਲੀ ਗਹਿਣੇ ਪੈ ਗਈ ਤੇਰੀ ਪੜ੍ਹਾਈ ਪਿੱਛੇ।

ਭਾਨ ਸਿੰਘ : ਨਹੀਂ ਸੀ ਪਾਉਣੀ ਪੈਲੀ ਗਹਿਣੇ, ਕਿਹਨੇ ਕਿਹਾ ਸੀ ਪੈਲੀ ਗਹਿਣੇ ਪਾਉਣ ਦਾ।



ਬੰਤੂ : ਸੋਚਿਆ ਸੀ ਮੁੰਡੇ ਦੀ ਜ਼ਿੰਦਗੀ ਬਣ ਜਾਏਗੀ ਪਰ ਤੂੰ.... ਸਾਨੂੰ ਤਬਾਹ ਕਰ ਦਿੱਤੈ। ਹਾਏ ਓ ਮੇਰਿਆ ਰੱਬਾ! ਮੈਂ ਕੀ ਕਰਾਂ? ਸੋਚਿਆ ਸੀ ਮੁੰਡਾ ਵੱਡਾ ਸਾਰਾ ਅਫ਼ਸਰ ਬਣੇਗਾ, ਕੋਲ ਕੋਠੀ ਹੋਵੇਗੀ, ਸਰਕਾਰੀ ਕਾਰ ਹੋਵੇਗੀ ਤੇ ਮਾਇਆ 'ਚ ਖੇਡਾਂਗੇ। ਲੱਭੂ ਦਾ ਮੁੰਡਾ ਠਾਣੇਦਾਰ ਬਣ ਗਿਐ, ਨਾਲੇ ਮਾਰਦੈ ਪਟੇ ਤੇ ਨਾਲੇ ਕਰਦੈ ਅੰਨੀ ਕਮਾਈ। ਮਾਨਾ ਪਟਵਾਰੀ ਹੀ ਨਹੀਂ ਮਾਣ, ਨਾਲੇ ਜਿਮੀਂਦਾਰਾਂ ਦੇ ਘਰੋਂ ਮੁਰਗੇ ਛਕਦੈ, ਸ਼ਰਾਬਾਂ ਪੀਂਦੈ ਤੇ ਨਾਲੇ ਜੇਬ ਨੋਟਾਂ ਨਾਲ ਭਰੀ ਰੱਖਦੈ।

ਭਾਨ ਸਿੰਘ : ਮੈਨੂੰ ਹੋਰ ਜ਼ਿਆਦਾ ਨਾ ਸਤਾਅ, ਮੈਂ ਅਗੇ ਈ ਬੜਾ ਤੰਗ ਹਾਂ।

ਬੰਤੂ : ਪੋਲੇ ਬਿਸਤਰੇ 'ਤੇ ਸੌਂਦਾ ਰਿਹੈਂ ਪੱਖਾ ਛੱਡ ਕੇ, ਸਾਫ ਸੁਥਰੇ ਕੱਪੜੇ ਪਾਉਂਦਾ ਰਿਹੈਂ। ਸਰੀਰ ਤੇਰੇ ਨੂੰ ਕਦੇ ਮਿੱਟੀ ਨਹੀਂ ਲੱਗੀ, ਵਧੀਆ ਖਾਂਦਾ ਰਿਹੈਂ। ਓ ਖੋਤਿਆ, ਤੂੰ ਅਜੇ ਵੀ ਤੰਗ ਏਂ?

ਭਾਨ ਸਿੰਘ : ਹੋਰ ਸਤਾਇਆ ਤਾਂ ਘਰ ਛੱਡ ਕੇ ਤੁਰ ਜਾਵਾਂਗਾ।

ਬੰਤੂ : ਜਾ ਨਿਕਲ ਜਾ, ਨਾਲੇ ਫੇਲ੍ਹ ਹੋ ਗਿਐਂ ਤੇ ਨਾਲੇ ਧਮਕੀਆਂ ਦਿੰਦੈ ਘਰ ਛੱਡ ਕੇ ਨਿਕਲ ਜਾਵਾਂਗਾ।

ਭਾਨ ਸਿੰਘ : ਠੀਕ ਏ, ਮੈਂ ਚੱਲਿਆਂ। ਮੁੜ ਕੇ ਨਹੀਂ ਆਵਾਂਗਾ, ਨਹੀਂ ਆਵਾਂਗਾ।

(ਸੁਪਨੇ ਵਿੱਚ ਤੁਰਦਾ ਹੈ ਤੇ ਮੋਹਨ ਨਾਲ ਟਕਰਾ ਜਾਂਦਾ ਹੈ, ਰੋਸ਼ਨੀ ਬੁੱਝ ਕੇ ਫਿਰ ਸਟੇਜ 'ਤੇ ਪੈਂਦੀ ਹੈ)

ਮੋਹਨ : ਕਿਹਦੇ ਨਾਲ ਗੱਲਾਂ ਕਰੀ ਜਾ ਰਿਹੈਂ?

ਭਾਨ ਸਿੰਘ : ਉਹੋ.... ਬੜਾ ਭੈੜਾ ਸੁਫਨਾ ਆ ਰਿਹਾ ਸੀ। ਸੁਫਨੇ ਵਿੱਚ ਮੈਂ ਬੀ.ਏ. ਫਾਈਨਲ ਵਿੱਚੋਂ ਫੇਲ੍ਹ ਹੋ ਗਿਆ। ਬਾਪੂ ਬੜਾ ਝਈਆਂ ਲੈ ਲੈ ਪੈਂਦਾ ਸੀ। ਪੇਪਰ ਖਤਮ ਹੋ ਗਏ ਹੁਣ ਤਾਂ ਘਰ ਜਾਣਾ ਹੀ ਪਵੇਗਾ। ਵਾਹਵਾ ਐਸ਼ ਚਲ ਰਹੀ ਸੀ ਇਥੇ ਹੋਸਟਲ ਵਿੱਚ। ਪਿੰਡ ਜਾ ਕੇ ਡੰਗਰਾਂ ਨਾਲ ਡੰਗਰ ਬਣਨਾ ਪੈਣੈਂ।

ਮੋਹਨ : ਉਹ ਤਾਂ ਹੈ ਹੀ। ਵਾਰਡਨ ਨੇ ਹੋਸਟਲ ਖਾਲੀ ਕਰਵਾ ਲਿਐ, ਹੁਣ ਤਾਂ ਚਲਣਾ ਹੀ ਪਵੇਗਾ।

ਭਾਨ ਸਿੰਘ : ਹੁਣ ਤਾਂ ਪਿੰਡ ਪਸ਼ੂਆਂ ਲਈ ਤੂੜੀ ਤੇ ਖੇਤਾਂ ਲਈ ਰੂੜੀ ਸਿਰ 'ਤੇ ਢੋਣੀ ਪਵੇਗੀ।

ਮੋਹਨ : ਕੜਕਦੀ ਧੁੱਪ ਵਿੱਚ ਖੇਤਾਂ ਵਿੱਚ ਕੰਮ ਕਰਨਾ ਪਿਆ ਤਾਂ ਹੋਸਟਲ ਦੀ ਮੈੱਸ ਵਿੱਚ ਖਾਧੇ ਚੌਲ ਰਾਜਮਾਂਹ ਯਾਦ ਆਉਣਗੇ।

| | | |
|---|---|---|
| ਭਾਨ | : | ਸੱਚੀ ਦੱਸਾਂ.... ਮੇਰਾ ਤਾਂ ਮੂੰਹ ਈ ਨਹੀਂ ਹੁੰਦਾ ਪਿੰਡ ਵੱਲ। |
| ਮੋਹਨ | : | ਵਾਹੀ ਦੇ ਕੰਮ ਕਰਕੇ? |
| ਭਾਨ ਸਿੰਘ | : | ਕਿਹੜੇ ਮੂੰਹ ਨਾਲ ਪਿੰਡ ਜਾਵਾਂ? ਪੇਪਰ ਤਾਂ ਕੋਈ ਕੰਮ ਦਾ ਹੋਇਆ ਨਹੀਂ। ਤੇਰੇ ਪੇਪਰ ਤਾਂ ਚੰਗੇ ਹੋਏ ਹੋਣੇ ਨੇ? |
| ਮੋਹਨ | : | ਸਵਾਹ ਚੰਗੇ ਹੋਏ ਨੇ, ਸਾਨੂੰ ਤਾਂ ਸਾਲੀ ਅੰਗਰੇਜ਼ੀ ਮਾਰ ਗਈ। ਨਾ ਸਾਲੇ ਅੰਗਰੇਜ਼ ਇਥੇ ਆਉਂਦੇ ਤੇ ਨਾ ਅੰਗਰੇਜ਼ੀ ਛੱਡ ਕੇ ਜਾਂਦੇ। |
| ਭਾਨ ਸਿੰਘ | : | ਮੇਰੀਆਂ ਬੇੜੀਆਂ ਵਿੱਚ ਵੀ ਵੱਟੇ ਅੰਗਰੇਜ਼ੀ ਹੀ ਪਾਉਂਦੀ ਏ। ਬਾਕੀ ਪੇਪਰਾਂ ਵਿੱਚ ਬਥੇਰੀ ਗੱਪ ਠੋਕ ਲਈਦੀ ਏ। |
| ਮੋਹਨ | : | ਕਲਾਸ ਵਿੱਚ ਮੈਡਮ ਜਦੋਂ ਅੰਗਰੇਜ਼ੀ ਬੋਲਦੀ ਏ ਤਾਂ ਐਂ ਲਗਦੈ ਜਿਵੇਂ ਕੋਈ ਮਸ਼ੀਨ ਚੱਲ ਰਹੀ ਹੋਵੇ। ਮੈਂ ਤਾਂ ਮੈਡਮ ਦੇ ਮੂੰਹ ਵੱਲ ਈ ਵੇਖਦਾ ਰਹਿਣਾ। ਅੰਗਰੇਜ਼ੀ ਬੋਲਦੀ ਬੋਲਦੀ ਮੈਡਮ ਸੱਚੀਂ ਮੇਮ ਬਣ ਜਾਂਦੀ ਏ। |
| ਭਾਨ ਸਿੰਘ | : | ਮੈਨੂੰ ਤਾਂ ਪਤਾ ਉਦੋਂ ਲਗਦੈ ਜਦ ਮੈਡਮ ਆਪਣਾ ਲੈਕਚਰ ਖਤਮ ਕਰਕੇ ਆਖਦੀ ਏ - ਥੈਂਕ ਯੂ. ਓ.ਕੇ. (ਦੋਵੇਂ ਹੱਸਦੇ ਹਨ) |
| ਮੋਹਨ | : | ਤੇਰੇ ਬਾਕੀ ਦੇ ਪੇਪਰ ਚੰਗੇ ਹੋਏ ਨੇ? |
| ਭਾਨ ਸਿੰਘ | : | ਪੰਜਾਬੀ ਤੇ ਇਤਿਹਾਸ ਵਿੱਚ ਤਾਂ ਮੈਂ ਧੰਨ ਧੰਨ ਕਰਵਾ ਦੇਨਾਂ। |
| ਮੋਹਨ | : | ਇਤਿਹਾਸ ਦੀਆਂ ਤੈਨੂੰ ਸਾਖੀਆਂ ਵੀ ਤਾਂ ਬਥੇਰੀਆਂ ਯਾਦ ਨੇ। |
| ਭਾਨ ਸਿੰਘ | : | ਪਰ.... ਅੰਗਰੇਜ਼ੀ ਬੇੜਾ ਜ਼ਰੂਰ ਡੋਬੇਗੀ। ਹੁਣ ਕੀ ਹੋਵੇਗਾ? |
| ਮੋਹਨ | : | ਕੋਈ ਮਾੜੀ ਮੋਟੀ ਨੌਕਰੀ ਮਿਲ ਜਾਂਦੀ ਤਾਂ ਇਹ ਪੜ੍ਹਣ ਦਾ ਗਧੀਗੇੜ ਈ ਖਤਮ ਹੋ ਜਾਂਦਾ, ਕੋਈ ਕਲਰਕ ਈ ਲਾ ਲਏ। |
| ਭਾਨ ਸਿੰਘ | : | ਸਾਨੂੰ ਲਾਉਣਗੇ ਕਲਰਕ ਮੋਇਆਂ ਦੀ ਮੰਡੀ ਵਿੱਚ। ਲੋਕ ਪੜ੍ਹ-ਪੜ੍ਹ ਵਿਹਲੇ ਤੁਰੇ ਫਿਰਦੇ ਨੇ, ਬੇਰੁਜ਼ਗਾਰਾਂ ਦੀ ਲਾਈਨ ਲੰਬੀ ਹੁੰਦੀ ਜਾ ਰਹੀ ਏ। |
| ਮੋਹਨ | : | ਝੰਜਟ ਵੀ ਤਾਂ ਸਾਰਾ ਬੀ.ਏ. ਪਾਸ ਕਰਨ ਦਾ ਏ, ਮੈਨੂੰ ਨਹੀਂ ਆਸ ਐਸ ਜਨਮ ਵਿੱਚ ਬੀ.ਏ. ਪਾਸ ਹੋ ਸਕੇਗੀ। |
| ਭਾਨ ਸਿੰਘ | : | ਪਰ ਕਰ ਕੀ ਸਕਦੇ ਹਾਂ? ਜੇ ਨਹੀਂ ਪੜ੍ਹਾਈ ਸਾਡੇ ਖਾਨੇ ਵਿੱਚ ਪੈਂਦੀ ਤਾਂ ਕਿਹਦੇ ਸਿਰ ਵਿੱਚ ਸੋਟਾ ਮਾਰੀਏ? ਤੂੰ ਬਸ ਤਿਆਰੀ ਕਰ ਜਾਣ ਦੀ, ਮੈਂ ਵੀ ਬਿਸਤਰਾ ਲੈ ਕੇ ਆਇਆ। |

(ਰੋਸ਼ਨੀ ਬੁੱਝਦੀ ਹੈ ਅਤੇ ਫਿਰ ਸਟੇਜ ਤੇ ਪੈਂਦੀ ਹੈ)



| | | |
|---|---|---|
| ਆਵਾਜ਼ | : | ਨਾ ਚਾਹੁੰਦੇ ਹੋਏ ਵੀ ਭਾਨ ਸਿੰਘ ਅਤੇ ਮੋਹਨ ਨੇ ਹੋਸਟਲ ਛੱਡ ਕੇ ਪਿੰਡ ਜਾਣ ਦੀ ਤਿਆਰੀ ਕਰ ਲਈ। ਹੋਸਟਲ ਦੇ ਗੇਟ ਦੇ ਬਾਹਰ ਹੋਏ ਹੀ ਸਨ ਕਿ |
| ਭਾਨ ਸਿੰਘ | : | ਮੇਰਾ ਤਾਂ ਦਿਲ ਕਰਦੈ ਪਿੰਡ ਜਾ ਕੇ ਖੇਤੀ ਦਾ ਕੰਮ ਕਰਨ ਨਾਲੋਂ ਤਾਂ ਬੰਦਾ ਸਾਧ ਈ ਬਣ ਜਾਏ। |
| ਮੋਹਨ | : | ਹਾਂ ਹਾਂ, ਭਾਦਰੋਂ ਦੇ ਚਮਾਸਿਆਂ ਤੋਂ ਤੰਗ ਆ ਕੇ ਜੱਟ ਵੀ ਸਾਧ ਬਣ ਗਿਆ ਸੀ।<br>(ਇੱਕ ਸਾਧ ਉਨ੍ਹਾਂ ਦੀ ਗੱਲ ਸੁਣਦਾ ਹੈ) |
| ਸਾਧ | : | ਨਹੀਂ ਬੱਚਾ, ਗਲਤ ਏ ਤੇਰੀ ਬਾਤ<br>ਸਾਧੂ ਜਾਗਤੇ ਦਿਨ ਔਰ ਰਾਤ।<br>ਦੁਨੀਆਂਦਾਰੀ ਕੋ ਮਾਰਤੇ ਲਾਤ।<br>ਭਗਵਾਨ ਕੀ ਲੀਲਾ ਕੀ ਕਰਤੇ ਬਾਤ।<br>ਹਰ ਬੰਦੇ ਕੋ ਰੱਬ ਕੀ ਲੀਲਾ ਵੇਖ ਵੇਖ ਬਾਗੋਬਾਗ ਹੋਣਾ ਚਾਹੀਏ। |
| ਭਾਨ ਸਿੰਘ | : | ਹਰ ਬੰਦੇ ਦੀ ਕਿਸਮਤ ਵਿੱਚ ਖੁਸ਼ੀ ਕਿੱਥੇ? ਚਿੰਤਾ ਛੱਡਦੀ ਕੀ ਏ, ਹੱਡੀਆਂ ਖੋਰ ਕੇ ਰੱਖ ਦਿੰਦੀ ਏ। |
| ਸਾਧ | : | ਚਿੰਤਾ ਤਾਂ ਕੀ ਕੀਜੀਏ ਜੋ ਅਨਹੋਣੀ ਹੋਏ। ਤੈਨੂੰ ਕਿਸ ਬਾਤ ਕੀ ਚਿੰਤਾ ਸਤਾ ਰਹੀ ਹੈ? |
| ਭਾਨ ਸਿੰਘ | : | ਸਾਧੂ ਸੰਤ ਤਾਂ ਜਾਣੀ ਜਾਣ ਹੁੰਦੇ ਨੇ, ਆਪੇ ਈ ਬੁੱਝ ਲੈਂਦੇ ਨੇ ਬੰਦੇ ਦੀ ਚਿੰਤਾ। |
| ਸਾਧ | : | ਸਮਝ ਗਏ, ਸਮਝ ਗਏ। ਚਿੰਤਾ ਕੇ ਬਾਦਲ ਉਹ ਗਏ। ਚਿੰਤਾ ਛੱਡ, ਬੀਸ ਰੁਪਏ ਰੱਖ, ਤੇਰੇ ਪਾਸ ਆਏਂਗੇ ਦਸ ਲੱਖ। ਇਥੇ ਹਾਥ ਰੱਖ, ਬਿੱਲੀ ਬਾਹਰ ਆਏਗੀ, ਤੇਰੀ ਚਿੰਤਾ ਬਤਾਏਗੀ। |
| ਭਾਨ ਸਿੰਘ | : | ਰੁਪਏ ਭਾਵੇਂ ਤੀਹ ਲੈ ਲਉ, ਪਰ ਮੇਰੀ ਚਿੰਤਾ ਬਾਰੇ ਦੱਸੋ ਤੇ ਇਹ ਵੀ ਦੱਸੋ ਇਹ ਦੂਰ ਕਿਵੇਂ ਹੋ ਸਕਦੀ ਏ? (ਰੁਪਏ ਦਿੰਦਾ ਹੈ) |
| ਸਾਧ | : | ਚੱਕਰ ਹੈ, ਘੁੰਮਣ ਘੇਰੀ ਹੈ। ਮੰਝਧਾਰ ਮੇਂ ਡੋਲਦੀ ਬੇੜੀ ਹੈ। ਥੋੜੇ ਸਮੇਂ ਕੀ ਬਾਤ ਹੈ, ਤੂਫਾਨ ਗੁਜ਼ਰ ਜਾਏਗਾ, ਮੌਸਮ ਸਾਫ ਹੋ ਜਾਏਗਾ। ਚਿੰਤਾ ਜਾਏਗੀ, ਬਹਾਰ ਆਏਗੀ। |
| ਮੋਹਨ | : | ਬਾਬਾ ਜੀ, ਇਹ ਪੁੱਛ ਰਿਹੈ ਇਹਨੂੰ ਚਿੰਤਾ ਕੀ ਏ? |
| ਸਾਧ | : | ਚਿੰਤਾ ਕਾ ਮਾਰਿਆ ਬੰਦਾ, ਚੱਲ ਰਿਹੈ ਖੂਬ ਮੰਦਾ। ਪਰ ਰਾਸ ਹੋਏਗਾ ਸਾਰਾ ਧੰਦਾ। ਤੇਰੇ ਮੱਥੇ ਕੇ ਲੇਖ, ਸੰਤਾਂ ਨੇ ਲਏ ਦੇਖ। ਮਾਰ |

ਦੇਣਗੇ ਰੇਖ 'ਚ ਮੇਖ, ਬਦਲ ਜਾਣਗੇ ਸਾਰੇ ਲੇਖ। ਲਾਵੋ ਹੇਕ-ਜੇ ਸੰਤਾਂ ਦੀ।

ਭਾਨ ਸਿੰਘ : ਸੰਤਾਂ ਦੀ ਜੈ ਤਾਂ ਹੋਵੇਗੀ ਹੀ, ਪਰ ਮੇਰੇ ਪ੍ਰਸ਼ਨ ਦਾ ਤੁਸੀਂ ਕੋਈ ਜਵਾਬ ਨਹੀਂ ਦਿੱਤਾ।

ਸਾਧ : ਪੱਤਝੜ ਜਾਏਗੀ, ਬਹਾਰ ਆਏਗੀ। ਤੇਰੇ ਚਮਨ ਕੀ ਏਕ ਏਕ ਕਲੀ ਮੁਸਕਰਾਏਗੀ।

ਭਾਨ ਸਿੰਘ : ਸਮਝਿਆ ਨਹੀਂ।

ਸਾਧ : ਸਮਝ ਆਏਗੀ ਆਹਿਸਤਾ ਆਹਿਸਤਾ, ਮੁਸ਼ਕਲ ਨਾਲ ਪਏਗਾ ਵਾਸਤਾ। ਚਿੰਤਾ ਹੋ ਜੂ ਇਕ ਦਮ ਦੂਰ, ਦੁਸ਼ਮਣ ਹੋਣਗੇ ਚੂਰ ਚੂਰ। ਅੱਛਾ ਬੱਚੇ! ਦੁਨੀਆਂ ਰੀਂਗਤੀ ਹੈ, ਹਮਾਰਾ ਵਕਤ ਕੀਮਤੀ ਹੈ। ਲੋਗ ਆਗੇ ਪਿਛੇ ਘੂਮਤੇ ਹੈਂ ਤੋਂ ਹਮ ਝੂਮਤੇ ਹੈ।

ਭਾਨ ਸਿੰਘ : ਪਰ ਮੇਰੇ ਪੱਲੇ ਤਾਂ ਪਾਵੋ ਕੁੱਝ।

ਸਾਧ : ਘੰਟਾ ਕੀਤੀ ਸਿਰ ਖਪਾਈ, ਤੇਰੇ ਗੱਲ ਸਮਝ ਨਾ ਆਈ। ਤਕੜਾ ਬੁੱਧੂ ਐਂ, ਸੰਤ ਚਲਤੈ ਹੈਂ, ਸੰਤ ਚਲਤੇ ਹੈਂ। (ਸਾਧ ਚਲਾ ਜਾਂਦਾ ਹੈ)

ਮੋਹਨ : ਸੰਤ ਚਲਤੈ ਹੈਂ, ਜਾ ਕਰ ਹਲਵਾ ਮਾਂਡਾ ਛਕਤੇ ਹੈਂ। ਦਿਨ ਦੀਵੀਂ ਬੁੱਧੂ ਬਣਾ ਗਿਐ।

ਭਾਨ ਸਿੰਘ : ਪਤਾ ਨਹੀਂ ਕੀ ਕੀ ਬੋਲ ਗਿਐ।

ਮੋਹਨ : ਚਾਰ ਲਾਈਨਾਂ ਨੂੰ ਘੋਟਾ ਲਾਇਆ ਜਾਪਦੈ। ਇਵੇਂ ਬੋਲਦਾ ਸੀ ਜਿਵੇਂ ਸਵਿੱਚ ਦਬਾਇਆਂ ਮਸ਼ੀਨ ਚੱਲ ਪੈਂਦੀ ਏ। ਕੀ ਸੋਚ ਰਿਹੈਂ?

ਭਾਨ ਸਿੰਘ : (ਖੁਸ਼ ਹੋ ਕੇ) ਚਿੰਤਾ ਖਤਮ ਹੋ ਗਈ ਮੇਰੇ ਯਾਰ।

ਮੋਹਨ : ਹੈਂ? ਸਾਧ ਦੇ ਪਰਛਾਵੇਂ ਨਾਲ ਹੀ ਚਿੰਤਾ ਖਤਮ ਹੋ ਗਈ?

ਭਾਨ ਸਿੰਘ : ਹਾਂ ਸਾਰੀ ਉਮਰ ਦੀ ਰੋਟੀ ਲੱਗ ਗਈ ਸਮਝ ਲੈ।

ਮੋਹਨ : ਰੋਟੀ?

ਭਾਨ ਸਿੰਘ : ਇਹੋ ਚਿੰਤਾ ਸੀ ਰੋਟੀ ਵਾਸਤੇ ਕਿਹੜੇ ਕਿਹੜੇ ਪਾਪੜ ਵੇਲਾਂਗੇ। ਸਾਰੇ ਪਾਪੜ ਆਪਣੇ ਆਪ ਵੇਲੇ ਗਏ।

ਮੋਹਨ : ਬੁਝਾਰਤਾਂ ਈ ਪਾਈ ਜਾ ਰਿਹੈਂ। ਤੇਰੇ ਹੱਥ ਕਿਹੜੀ ਗਿੱਦੜਸਿੰਗੀ ਲੱਗ ਗਈ ਏ ਜਿਹਦੇ ਕਰਕੇ ਤੇਰੇ ਮੂੰਹ ਤੇ ਰੌਣਕ ਆ ਗਈ ਏ।

ਭਾਨ ਸਿੰਘ : ਮੈਂ ਸਾਧ ਬਣਾਂਗਾ, ਡੇਰਾ ਕਾਇਮ ਕਰਾਂਗਾ। ਚੇਲਿਆਂ ਦੀ ਫੌਜ ਹੋਵੇਗੀ ਮੇਰੇ ਪਿੱਛੇ ਪਿੱਛੇ। ਜਿਧਰੋਂ ਲੰਘਾਂਗੇ ਲੋਕ ਸਾਡੇ ਪੈਰਾਂ ਨਾਲ



ਛੂਹੀ ਧਰਤੀ ਦੀ ਮਿੱਟੀ ਚੁੱਕ ਚੁੱਕ ਮੱਥੇ ਨਾਲ ਲਾਉਣਗੇ ਤੇ ਆਪਣਾ ਅੱਗਾ ਸੰਵਾਰਨਗੇ।

ਮੋਹਨ : ਪਰ ਕੋਈ ਬਾਬਾ ਮੰਨੇਗਾ ਤਾਂ ਹੀ ਨਾ?

ਭਾਨ ਸਿੰਘ : ਪੱਕੇ ਮੰਨਣਗੇ। ਭੇਸ ਵੱਲੋਂ ਸਾਧ ਹੋਵੇ, ਵਿੱਚੋਂ ਭਾਵੇਂ ਕਾਲਾ ਚੋਰ। ਸਾਧਾਂ ਵਾਲੀ ਵਰਦੀ ਪਾਈਏ, ਛੱਤੀ ਵੰਨਗੀਆਂ ਦੇ ਭੋਜਨ ਖਾਈਏ, ਮੌਜ ਉਡਾਈਏ ਤੇ ਸੰਤ ਮਹਾਰਾਜ ਬਣ ਜਾਈਏ।

ਮੋਹਨ : ਸੰਤ ਮਹਾਰਾਜ?

ਭਾਨ ਸਿੰਘ : ਬੰਦੇ ਦੇ ਨਾਂ ਨਾਲ ਸੰਤ ਬਾਬਾ ਲੱਗਾ ਹੋਣਾ ਚਾਹੀਦੈ, ਬਾਕੀ ਦਾ ਕੰਮ ਪਿੰਡਾਂ ਦੀਆਂ ਬੀਬੀਆਂ ਆਪੇ ਕਰ ਲੈਂਦੀਆਂ ਨੇ। ਲੋਕ ਕਹਿਣਗੇ ਧੰਨ ਧੰਨ ਬਾਬਾ ਭਾਨ ਸਿੰਘ।

ਮੋਹਨ : ਗੱਲ ਠੀਕ ਏ, ਬੇਰੁਜ਼ਗਾਰੀ ਦੇ ਯੁੱਗ ਵਿੱਚ ਇਸ ਤੋਂ ਵਧੀਆ ਜੁਗਾੜ ਹੋਰ ਨਹੀਂ ਕੋਈ ਹੋ ਸਕਦਾ। ਨਾਲੇ ਪੁੰਨ ਨਾਲੇ ਫਲੀਆਂ।

ਭਾਨ ਸਿੰਘ : ਯਾਰ, ਪੰਜੇ ਈ ਘਿਓ ਵਿੱਚ ਹੋਣਗੀਆਂ। ਹੁਣ ਨਾ ਕਿਤੇ ਨੌਕਰੀ ਲਈ ਅਪਲਾਈ ਕਰਨਾ ਪਵੇਗਾ ਤੇ ਨਾ ਹੀ ਇੰਟਰਵਿਊ ਦੇਣ ਵਾਲੀਆਂ ਲਾਈਨਾਂ ਵਿੱਚ ਖੜ੍ਹੇ ਹੋਣਾ ਪਵੇਗਾ। ਆਪਾਂ ਬਜ਼ਾਰੋਂ ਕੱਪੜਾ ਲੇ ਕੇ ਖੁੱਲ੍ਹੇ ਖੁੱਲ੍ਹੇ ਚੋਲੇ ਬਣਵਾ ਲਈਏ।

ਮੋਹਨ : ਖੁਲ੍ਹੇ ਚੋਲੇ?

ਭਾਨ ਸਿੰਘ : ਸਾਧਾਂ ਨੂੰ ਖੁਰਾਕ ਬੜੀ ਖਾਣੀ ਪੈਂਦੀ ਏ, ਤਾਂ ਹੀ ਤਾਂ ਉਹ ਗੋਗੜਾਂ ਛੱਡ ਜਾਂਦੇ ਨੇ। ਖੁੱਲ੍ਹੇ ਚੋਲੇ ਵਧੇ ਹੋਏ ਸਰੀਰਾਂ ਨੂੰ ਸਾਂਭ ਲੈਂਦੇ ਨੇ। ਮੰਨ ਗਏ?

ਮੋਹਨ : ਪਹਿਲੀ ਵਾਰ ਬੁੱਧੀ ਦੀ ਵਰਤੋਂ ਕੀਤੀ ਏ ਯਾਰ। ਡੇਰਾ ਕਿਹੜੇ ਇਲਾਕੇ 'ਚ ਲਾਉਣੈਂ?

ਭਾਨ ਸਿੰਘ : ਸਾਡੇ ਵਾਸਤੇ ਸ਼ਾਮਪੁਰ ਦਾ ਇਲਾਕਾ ਈ ਫਿੱਟ ਰਹੇਗਾ।

ਮੋਹਨ : ਵਾਹ ਖੂਬ ਸੋਚਿਐ। ਸਾਧਾਂ ਵਾਸਤੇ ਸ਼ਾਮਪੁਰ ਦਾ ਏਰੀਆ ਪੂਰੀ ਤਰ੍ਹਾਂ ਸੇਫ ਏ। ਸਾਡੇ ਵਿੱਚੋਂ ਬਾਬਾ ਕੌਣ ਹੋਵੇਗਾ, ਦੋਵੇਂ ਤਾਂ ਅਸੀਂ ਹੋ ਨਹੀਂ ਸਕਦੇ।

ਭਾਨ ਸਿੰਘ : ਇੱਕ ਮਿਆਨ ਵਿੱਚ ਦੋ ਤਲਵਾਰਾਂ ਕਿਵੇਂ ਆ ਸਕਦੀਆਂ ਨੇ?

ਮੋਹਨ : ਮੇਰਾ ਵਿਚਾਰ ਏ ਬਾਬੇ ਤੁਸੀਂ ਹੋਵੇ, ਬਥੇਰੀਆਂ ਸਾਖੀਆਂ ਯਾਦ ਨੇ ਤੈਨੂੰ। ਮੈਨੂੰ ਆਪਣਾ ਚੇਲਾ ਬਣਾ ਲਓ।

ਭਾਨ ਸਿੰਘ : ਜੈਸੀ ਆਪ ਕੀ ਇੱਛਾ ਬੱਚੇ! ਦੋਸਤ ਹੋਵੇ ਤਾਂ ਤੇਰੇ ਵਰਗਾ, ਇਥੇ ਤਾਂ ਲੋਕ ਚੌਧਰ ਪਿੱਛੇ ਬੰਦੇ ਲੱਕੋਂ ਲਾਹ ਦਿੰਦੇ ਨੇ।

ਮੋਹਨ : ਇਹ ਕਲਯੁਗ ਏ, ਘੋਰ ਕਲਯੁਗ ਏ। ਲੋਕਾਂ ਦੇ ਮਨਾਂ ਤੇ ਕਲਯੁਗ ਦੀ ਕਾਲਖ ਚੜ੍ਹੀ ਹੋਈ ਏ।

ਭਾਨ ਸਿੰਘ : ਆਪਾਂ ਕਲਯੁੱਗ ਦੀ ਕਾਲਖ ਧੋ ਸੁੱਟਾਂਗੇ। (ਦੋਵੇਂ ਹੱਸਦੇ ਹਨ)

ਪਿੱਛੋਂ ਆਵਾਜ਼ : ਇਸ ਤਰ੍ਹਾਂ ਭਾਨ ਸਿੰਘ ਅਤੇ ਮੋਹਨ ਮਹਾਂਪੁਰਸ਼ ਬਣ ਬੈਠੇ, ਉਨ੍ਹਾਂ ਨੇ ਵਿਦਿਆਰਥੀਆਂ ਵਾਲੇ ਪਹਿਰਾਵੇ ਉਤਾਰ ਕੇ ਸਾਧੂਆਂ ਵਾਲੇ ਪਹਿਰਾਵੇ ਪਹਿਨ ਲਏ ਅਤੇ ਇੱਕ ਥਾਂ ਕੁਟੀਆ ਬਣਾ ਕੇ ਰਹਿਣ ਲੱਗੇ। ਕੁਟੀਆ ਪਿੰਡ ਦੇ ਬਾਹਰਵਾਰ ਸੜਕ ਦੇ ਨੇੜੇ ਬਣਾਈ ਸੀ।

ਭਾਨ ਸਿੰਘ : (ਸਮਾਧੀ ਵਿੱਚ) ਦੋ ਦਿਨ ਹੋ ਗਏ ਬਹੁੜਿਆ ਨਹੀਂ ਕੋਈ ਭਗਤ।

ਮੋਹਨ : ਤੁਸੀਂ ਡਟੇ ਰਹੋ ਸਮਾਧੀ ਲਾ ਕੇ। ਇਨ੍ਹਾਂ ਲੋਕਾਂ ਨੇ ਜਾਣਾ ਕਿਹੜੇ ਪਿਓ ਕੋਲ ਏ। ਅੱਜ ਸਵੇਰੇ ਜਿਹੜਾ ਪਿੰਡ ਦਾ ਗੇੜਾ ਲਾ ਆਏ ਹਾਂ ਧਾਰਮਿਕ ਟੋਟਕੇ ਗਾਉਂਦੇ ਗਾਉਂਦੇ, ਅਸਰ ਪੱਕਾ ਹੋਇਆ ਹੋਵੇਗਾ ਲੋਕਾਂ ਤੇ।

ਭਾਨ ਸਿੰਘ : ਦੇਰ ਸਵੇਰ ਲੋਕ ਇਥੇ ਹੀ ਆਉਣਗੇ। ਇਥੋਂ ਦੇ ਲੋਕ ਪੂਰੇ ਬੁੱਧੂ ਨੇ, ਵਹਿਮਾਂ ਭਰਮਾਂ ਦੇ ਮਾਰੇ।

ਮੋਹਨ : ਤੁਸੀਂ ਸਿੱਧਾ ਵਿੰਗਾ ਕੋਈ ਟੋਟਕਾ ਛੱਡ ਦਿਓ, ਖੇਤਾਂ 'ਚ ਕੰਮ ਕਰਦੇ ਕੁਝ ਲੋਕ ਸੁਨਣਗੇ ਤਾਂ ਆਪੇ ਦੌੜੇ ਆਉਣਗੇ।

ਭਾਨ ਸਿੰਘ : ਮਾੜਾ ਮੋਟਾ ਵਾਜਾ ਵਜਾ ਈ ਲਈਦੈ। ਮੈਂ ਬੋਲਣਾ ਤੇ ਤੂੰ ਪਿੱਛੇ-ਪਿੱਛੇ ਫੱਟੇ ਚੁੱਕੀ ਜਾ। (ਗਾਉਂਦਾ ਹੋਇਆ)

ਨਾਮ ਜਪ ਲੈ ਨਿਮਾਣੀਏ ਜਿੰਦੇ, ਔਖੇ ਵੇਲੇ ਕੰਮ ਆਏਗਾ।

ਮੋਹਨ : ਜੀ ਔਖੇ ਵੇਲੇ ਕੰਮ ਆਏਗਾ।

ਭਾਨ ਸਿੰਘ : ਨਾਮ ਜੱਪਿਆ ਨਾ ਭਗਤੀ ਕੀਤੀ, ਕਿਥੋਂ ਭਾਲੇਂ ਰਾਜ ਗੱਦੀਆਂ।

ਮੋਹਨ : ਹਾਂ ਜੀ ਹਾਂ ਜੀ, ਕਿੱਥੋਂ ਭਾਲੇਂ ਰਾਜ ਗੱਦੀਆਂ।

ਭਾਨ ਸਿੰਘ : ਇੱਕ ਸਵਾਲ ਉਠਿਐ ਮਨ ਵਿੱਚ....

ਮੋਹਨ : ਕਿਹੜਾ ਸਵਾਲ?

ਭਾਨ ਸਿੰਘ : ਐਸ ਇਲਾਕੇ ਵਿੱਚ ਕੋਈ ਪੜ੍ਹਿਆ ਲਿਖਿਆ ਬੀ.ਏ. ਪਾਸ ਤਾਂ ਨਹੀਂ ਹੋਣਾ? ਐਵੇਂ ਕੋਈ ਪਤੰਦਰ ਆ ਕੇ ਸਾਡੀ ਫੱਟੀ ਨਾ ਪੋਚ



ਦੇਵੇ। ਕਈ ਇਲਾਕਿਆਂ ਵਿੱਚ ਤਾਂ ਤਰਕਸ਼ੀਲ ਸੁਸਾਇਟੀਆਂ ਵਾਲੇ ਸਾਧਾਂ ਮਗਰ ਹੱਥ ਧੋ ਕੇ ਪੈ ਗਏ ਨੇ।

ਮੋਹਨ : ਘਬਰਾਓ ਨਾ, ਇਸ ਇਲਾਕੇ 'ਚ ਤਰਕਸ਼ੀਲਾਂ ਦਾ ਕੋਈ ਯੂਨਿਟ ਨਹੀਂ, ਨਾਲੇ ਲੋਕ ਕਿਹੜਾ ਉਨ੍ਹਾਂ 'ਤੇ ਇਤਬਾਰ ਕਰਨਗੇ। ਇੱਕ ਬੰਦਾ ਆ ਰਿਹੈ, ਛੱਡੋ ਕੋਈ ਰਾਗ.....

ਭਾਨ ਸਿੰਘ : (ਗਾਉਂਦਾ ਹੋਇਆ) ਸੇਵਾ ਨੂੰ ਮੇਵਾ ਲੱਗਦਾ, ਕਰਕੇ ਕੋਈ ਵੇਖ ਲਏ। ਸੇਵਾ ਨੂੰ ਮੇਵਾ....

ਮੋਹਨ : ਕਰਕੇ ਕੋਈ ਵੇਖ ਲਏ ਸੇਵਾ ਨੂੰ ਮੇਵਾ ਲੱਗਦਾ....

(ਜਗਤਾ ਆ ਕੇ ਮੱਥਾ ਟੇਕਦਾ ਹੈ)

ਭਾਨ ਸਿੰਘ : ਆ ਭਗਤਾ, ਕਿਵੇਂ ਆਉਣਾ ਹੋਇਐ?

ਜਗਤਾ : ਬਾਬਾ ਜੀ, ਮੈਂ ਪੈਲੀ ਵਿੱਚ ਪੱਠੇ ਵੱਢਦਾ ਪਿਆ ਸੀ। ਦਿਲ ਕੀਤਾ ਤੁਹਾਡੇ ਦਰਸ਼ਨ ਕਰ ਲਵਾਂ, ਹਿਰਦੇ ਠੰਡ ਪੈ ਜਾਵੇਗੀ।

ਮੋਹਨ : ਬਾਬਾ ਜੀ ਦੇ ਜਿਹੜਾ ਬੰਦਾ ਵੀ ਦਰਸ਼ਨ ਦੀਦਾਰੇ ਕਰ ਲੈਂਦੇ, ਉਹਦੀ ਚੁਰਾਸੀ ਕੱਟੀ ਜਾਂਦੀ ਏ। ਬਾਬਾ ਜੀ ਸਾਰੇ ਭਾਰਤਵਰਸ਼ ਦੀ ਯਾਤਰਾ ਮੁਕੰਮਲ ਕਰਕੇ ਇਥੇ ਬਿਰਾਜਮਾਨ ਹੋਏ ਨੇ।

ਜਗਤਾ : ਫਿਰ ਤਾਂ ਸਮਝੋ ਧਰਤੀ ਨੂੰ ਭਾਗ ਲੱਗ ਗਏ। ਧੰਨ ਹੋ ਬਾਬਾ ਜੀ, ਹੁਕਮ ਕਰੋ ਕੀ ਸੇਵਾ ਕਰਾਂ? ਰੋਟੀ, ਪਾਣੀ, ਤੋਰੀ ਫੁਲਕਾ....

ਮੋਹਨ : ਬਾਬਾ ਜੀ ਕੁੱਝ ਮੰਗਦੇ ਨਹੀਂ, ਇਹ ਤਾਂ ਸੰਗਤਾਂ ਆਪਣੀ ਸ਼ਰਧਾ ਮੁਤਾਬਿਕ ਤਿਲ ਫੁੱਲ ਲੈ ਆਉਂਦੀਆਂ ਨੇ ਤੇ ਜੀਵਨ ਸਫਲਾ ਕਰਦੀਆਂ ਨੇ।

ਜਗਤਾ : ਬਾਬਾ ਜੀ, ਆਗਿਆ ਬਖਸ਼ੋ। ਮੈਂ ਹੁਣੇ ਲੰਗਰ ਪਕਵਾ ਕੇ ਆਇਆ।

ਮੋਹਨ : ਬਾਬਾ ਜੀ, ਦਿਓ ਆਗਿਆ। ਲੰਗਰ ਪ੍ਰਵਾਨ ਕਰੋ ਇਸ ਰੱਬ ਦੇ ਪਿਆਰੇ ਦਾ।

ਭਾਨ ਸਿੰਘ : ਜੇ ਸੱਚੀ ਸ਼ਰਧਾ ਏ ਤਾਂ....

ਜਗਤਾ : ਹਾਂ ਬਾਬਾ ਜੀ....

ਮੋਹਨ : ਤਾਂ ਦੇਰ ਕਿਸ ਬਾਤ ਕੀ? ਤੂੰ ਜਲਦੀ ਜਲਦੀ ਮੋਰਚਾ ਮਾਰ ਲੈ, ਪਤਾ ਨਹੀਂ ਕਦ ਬਾਬਾ ਜੀ ਦੀ ਸਮਾਧੀ ਲੱਗ ਜਾਏ, ਫਿਰ ਭਾਵੇਂ ਚਾਰ ਘੰਟੇ ਸਮਾਧੀ ਨਾ ਹੀ ਖੁੱਲ੍ਹੇ।

ਜਗਤਾ : ਅੱਛਾ ਬਾਬਾ ਜੀ, ਮੈਂ ਗਿਆ ਤੇ ਆਇਆ ਖੋਟੇ ਪੈਸੇ ਵਾਂਗੂੰ।
(ਜਗਤਾ ਚਲਾ ਜਾਂਦਾ ਹੈ)

ਮੋਹਨ : ਹੱਟੀ ਚੱਲ ਪਈ ਏ।

ਭਾਨ ਸਿੰਘ : ਭਗਤੀ 'ਚ ਸ਼ਕਤੀ, ਚੌਂਕੜੀ ਮਾਰ ਕੇ ਬੈਠਾਂ, ਮੇਰੀਆਂ ਤਾਂ ਜਿਵੇਂ ਲੱਤਾਂ ਜੁੜ ਗਈਆਂ ਨੇ।

ਮੋਹਨ : ਲੱਤਾਂ ਘੁੱਟਣ ਵਾਲੇ ਵੀ ਬਥੇਰੇ ਆ ਜਾਣਗੇ। ਚੌਂਕੜੀ ਮਾਰਿਆਂ ਰੋਟੀ ਮਿਲਦੀ ਹੋਵੇ ਤਾਂ ਹੋਰ ਕੀ ਚਾਹੀਦੈ? ਖੇਤੀ ਦੇ ਕੰਮਾਂਕਾਰਾਂ 'ਚ ਤਾਂ ਬੰਦਾ ਭੂਤ ਬਣ ਜਾਂਦੈ।

ਪਿੱਛੋਂ ਆਵਾਜ਼ : ਥੋੜ੍ਹੇ ਸਮੇਂ ਵਿੱਚ ਇਲਾਕੇ ਵਿੱਚ ਬਾਬਾ ਭਾਨ ਸਿੰਘ ਦੀ ਚੰਗੀ ਭੱਲ ਬਣ ਗਈ। ਉਨ੍ਹਾਂ ਦੇ ਡੇਰੇ 'ਤੇ ਖ਼ੂਬ ਰੌਣਕਾਂ ਹੁੰਦੀਆਂ। ਦਾਨੀ ਟੁੱਟ ਕੇ ਪੈ ਗਏ ਤੇ ਜਲਦੀ ਹੀ ਉਥੇ ਇੱਕ ਇਮਾਰਤ ਉਸਰਨੀ ਸ਼ੁਰੂ ਹੋ ਗਈ।

ਮੋਹਨ : ਹੁਣ ਤਾਂ ਦੇਵੀਆਂ ਵੀ ਤੁਹਾਡੇ ਚਰਨੀਂ ਲੱਗਣ ਲੱਗ ਪਈਆਂ ਨੇ।

ਭਾਨ ਸਿੰਘ : ਸਾਰਾ ਪਰਤਾਪ ਈ ਦੇਵੀਆਂ ਦਾ ਏ, ਹੁਣ ਤਾਂ ਐਂ ਜਾਪਦੈ ਜਿਵੇਂ ਅਸੀਂ ਸੱਚੀ ਦੇ ਮਹਾਂਪੁਰਸ਼ ਬਣ ਗਏ ਹਾਂ।

ਮੋਹਨ : ਜੈ ਬੀਬੀਆਂ ਦੀ।

ਭਾਨ ਸਿੰਘ : ਬੋਲ ਜੈ ਸੰਤਾਂ ਦੀ। ਸੰਤ ਨਾ ਡੇਰੇ ਲਾਉਂਦੇ ਤਾਂ ਬੀਬੀਆਂ ਕਿੱਥੋਂ ਮੱਥੇ ਲਗਦੀਆਂ? ਹੁਣ ਤਾਂ ਸਾਡੀ ਮਨਸ਼ਾ ਏ ਸਾਡੇ ਪਾਸ ਮਾਇਆ ਦੇ ਭੰਡਾਰ ਹੋਣ, ਡੇਰੇ ਲਈ ਜ਼ਮੀਨ ਵੀ ਕਾਬੂ ਕਰਨੀ ਏ ਕੌਡੀਆਂ ਦੇ ਭਾਅ। ਨਵੇਂ ਤੋਂ ਨਵੇਂ ਮਾਡਲ ਦੀ ਕਾਰ ਹੋਵੇ, ਦੂਰ ਦੂਰ ਤੱਕ ਸੈਰ ਹੋਵੇ। ਧਾਰਮਿਕ ਮੇਲਿਆਂ ਵਾਲੀਆਂ ਥਾਵਾਂ ਤੋਂ ਸਾਨੂੰ ਸੱਦਾ ਪੱਤਰ ਆਉਣ। ਇਸ਼ਤਿਹਾਰਾਂ ਵਿੱਚ ਸਾਡਾ ਨਾਂ ਲਿਖਿਆ ਹੋਵੇ। ਪਿੰਡਾਂ ਤੇ ਸ਼ਹਿਰਾਂ ਦੇ ਚੌਂਕਾਂ ਵਿੱਚ ਬੋਰਡਾਂ ਉੱਪਰ ਸਾਡੀ ਫੋਟੋ ਹੋਵੇ।

ਮੋਹਨ : ਕਈ ਬੀਬੀਆਂ ਵੇਖ ਕੇ ਤਾਂ ਮਨ ਈ ਡੋਲ ਜਾਂਦੈ। ਕਿਸੇ ਸੋਹਣੀ ਜਿਹੀ ਮੁਟਿਆਰ ਨਾਲ ਵਿਆਹ ਹੋ ਜਾਏ। ਗ੍ਰਹਿਸਤ ਵੀ ਚਲਦਾ ਰਹੇ ਤੇ ਫਕੀਰੀ ਵੀ। ਬਾਬਾ ਜੀ, ਛੇੜੋ ਕੋਈ ਰਾਗ, ਇੱਕ ਦੇਵੀ ਪਧਾਰ ਰਹੀ ਏ। (ਔਰਤ ਆਉਂਦੀ ਹੈ)

ਭਾਨ ਸਿੰਘ : ਤੇਰੇ ਦਰ ਤੇ ਫਕੀਰ ਆਏ, ਮਿਹਰ ਕਰੀਂ ਮੇਰੇ ਮਾਲਕਾ।

ਮੋਹਨ : ਮਿਹਰ ਕਰੀਂ ਮੇਰੇ ਮਾਲਕਾ...



ਔਰਤ : ਬਾਬਾ ਜੀ ਦੀ ਜੈ ਹੋਏ... (ਸੌ ਰੁਪਏ ਰੱਖ ਕੇ ਮੱਥਾ ਟੇਕਦੀ ਹੈ)

ਭਾਨ ਸਿੰਘ : ਰਾਜੀ ਰਹੋ, ਦੇਹ ਅਰੋਗਤਾ ਦਾਨ, ਚੜ੍ਹਦੀ ਕਲਾ 'ਚ ਰਹੋ। ਭਗਤੋ! ਸਾਡੇ ਪਾਸ ਕਿਵੇਂ ਆਏ?

ਔਰਤ : ਬਾਬਾ ਜੀ, ਵੱਡੇ ਮੁੰਡੇ ਚੰਚਲ ਦੇ ਪੈਸੇ ਭਰੇ ਨੇ ਏਜੰਟ ਕੋਲ। ਬਾਹਰ ਠੀਕ ਠਾਕ ਪਹੁੰਚ ਜਾਏਗਾ ਨਾ?

ਭਾਨ ਸਿੰਘ : (ਅੱਖਾਂ ਮੀਟ ਕੇ) ਚੰਚਲ ਚੱਲਿਐ ਬਾਹਰ, ਮੁਸ਼ਕਲ ਤੋੜ ਕੰਮ ਸੰਵਾਰ। ਡੁੱਬਦਾ ਬੇੜਾ ਲਾ ਦੇ ਪਾਰ। ਬੀਬੀ! ਮੁੰਡਾ ਅਵੱਸ਼ ਪਹੁੰਚੇਗਾ, ਕੁੱਝ ਦੇਰ ਹੋ ਸਕਦੀ ਏ, ਅੰਧੇਰ ਨਹੀਂ। ਏਜੰਟ ਥੋੜ੍ਹਾ ਤੇਜ਼ ਏ ਪਰ ਮੁਸ਼ਕਿਲ ਖਤਮ ਹੋਵੇਗੀ।

ਔਰਤ : ਬਾਬਾ ਜੀ, ਅਰਦਾਸ ਕਰ ਦਿਓ, ਟੁੱਟ ਪੈਣੀ ਸਰਕਾਰ ਨੇ ਸਖਤੀ ਬੜੀ ਕਰ ਦਿੱਤੀ ਏ ਬਾਹਰ ਜਾਣ 'ਤੇ।

ਭਾਨ ਸਿੰਘ : ਸਖ਼ਤੀ ਕੀਤੀ ਹੈ ਜ਼ਰੂਰ, ਪਰ ਮੁਸ਼ਕਿਲ ਹੋ ਜੂ ਚੂਰ ਚੂਰ। ਅਰਦਾਸਾਂ ਨੂੰ ਪਵੇਗਾ ਬੂਰ, ਪੈਸਾ ਕਮਾਵੇਗਾ ਭਰਪੂਰ।

ਔਰਤ : ਬਾਬਾ ਜੀ, ਤੁਹਾਡੇ ਬਚਨ ਸੁਣ ਕੇ ਮਨ ਦੀ ਚਿੰਤਾ ਦੂਰ ਹੋ ਗਈ ਏ। ਚੰਚਲ ਬਾਹਰ ਪਹੁੰਚ ਜਾਏ ਪਹਿਲੀ ਕਮਾਈ ਤੁਹਾਡੇ ਚਾੜ੍ਹਣ ਆਵਾਂਗੀ।

ਭਾਨ ਸਿੰਘ : ਖੁਸ਼ ਰਹੋ, ਲਉ ਪਰਸ਼ਾਦ ਛਕੋ। (ਔਰਤ ਮੱਥਾ ਟੇਕਣ ਬਾਅਦ ਚਲੀ ਜਾਂਦੀ ਹੈ)

ਮੋਹਨ : ਵਾਹ ਜੀ ਵਾਹ, ਹੁਣ ਤਾਂ ਸਾਮੀ ਤੇ ਸਾਮੀ ਪਈ ਵੱਜਦੀ ਏ। ਜੇ ਉਸ ਜਨਾਨੀ ਦਾ ਮੁੰਡਾ ਬਾਹਰ ਨਾ ਪਹੁੰਚਿਆ ਤਾਂ ਫਿਰ....?

ਭਾਨ ਸਿੰਘ : ਤਾਂ ਫਿਰ ਕਿਹੜਾ ਸਾਡੀ ਲੱਤ ਭੰਨ ਦੇਣਗੇ। ਅਸੀਂ ਰੋਜ਼ ਛੱਤੀ ਬੰਦਿਆਂ ਨੂੰ ਅਸ਼ੀਰਵਾਦ ਦਿੰਦੇ ਹਾਂ ਕਿ ਤੁਹਾਡਾ ਕਾਕਾ ਬਾਹਰ ਜ਼ਰੂਰ ਪਹੁੰਚੇਗਾ। ਜੇ ਪੰਜ ਸੱਤ ਜਣੇ ਵੀ ਬੰਨੇ ਲੱਗ ਜਾਣ ਤਾਂ ਸਾਡੀ ਧੰਨ ਧੰਨ ਹੋ ਜਾਵੇਗੀ। ਜੇ ਕਿਸੇ ਵੱਡੇ ਹਸਪਤਾਲ 'ਚ ਸੌ ਪਿੱਛੇ ਦਸ ਮਰੀਜ਼ ਠੀਕ ਹੋ ਜਾਣ ਤਾਂ ਹਸਪਤਾਲ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਨੇ। ਜੇ ਉਨ੍ਹਾਂ ਦੇ ਹਸਪਤਾਲ ਚੱਲ ਸਕਦੇ ਨੇ ਤਾਂ ਸਾਡੇ ਡੇਰਿਆਂ ਦੀ ਗੁੱਡੀ ਨਹੀਂ ਚੜ੍ਹ ਸਕਦੀ?

ਮੋਹਨ : ਤੁਹਾਡਾ ਤਜਰਬਾ ਕਾਫ਼ੀ ਹੋ ਗਿਐ।

ਭਾਨ ਸਿੰਘ : ਇਸੇ ਸ਼ਕਤੀ ਦੇ ਸਿਰ 'ਤੇ ਆਪਾਂ ਸੰਤ ਮਹਾਰਾਜ ਬਣੇ ਹਾਂ, ਹੋਰ ਸੰਤਾਂ ਨੂੰ ਕਿਹੜਾ ਸਿੰਗ ਲੱਗੇ ਹੁੰਦੇ ਨੇ। (ਦੋਵੇਂ ਹੱਸਦੇ ਹਨ, ਜਗਤਾ ਰੋਟੀ ਲੈ ਕੇ ਆਉਂਦਾ ਹੈ)

ਜਗਤਾ : ਬਾਬਾ ਜੀ, ਲਾਇਓ ਭੋਗ। ਅੱਜ ਘਰ ਵਾਲੀ ਨੇ ਬੜੀ ਸ਼ਰਧਾ ਨਾਲ ਛੋਲੇ ਪੂੜੀਆਂ ਬਣਾਏ ਨੇ।

ਭਾਨ ਸਿੰਘ : ਸਾਰੀ ਉਮਰ ਛੋਲੇ ਪੂੜੀਆਂ ਹੀ ਖਾਵੇਗੀ।

ਜਗਤਾ : ਤੁਹਾਡੀ ਮਿਹਰ ਚਾਹੀਦੀ ਏ। ਬਾਬਾ ਜੀ, ਰਾਤ ਨੂੰ ਮੈਨੂੰ ਡਰ ਬੜਾ ਲੱਗਦਾ ਏ। ਮਾਰੋ ਕੋਈ ਜਲ ਦਾ ਛਿੱਟਾ....

ਭਾਨ ਸਿੰਘ : ਡਰ ਲਗਦਾ ਹੈ ਸਾਰੀ ਰਾਤ, ਇਹਦੇ ਪਿੱਛੇ ਇੱਕ ਹੈ ਬਾਤ। ਲੜ ਗਈ ਇੱਕ ਕੁਲਹਿਣੀ ਔਰਤ ਦੀ ਨਜ਼ਰ, ਜਿਹਨੇ ਕੀਤਾ ਤੇਰਾ ਇਹ ਹਸ਼ਰ।

ਜਗਤਾ : ਬਾਬਾ ਜੀ, ਸਾਡੇ ਮੁਹੱਲੇ ਵਿੱਚ ਦੋ ਜਨਾਨੀਆਂ ਦੀ ਨਜ਼ਰ ਕੁੱਝ ਜ਼ਿਆਦਾ ਈ ਭਾਰੀ ਏ।

ਭਾਨ ਸਿੰਘ : ਉਸ ਦੀ ਨਜ਼ਰ ਪੱਥਰ ਤੋਂ ਵੀ ਭਾਰੀ, ਪਰ ਹੁਣ ਆਈ ਸਾਡੀ ਵਾਰੀ। ਤੇਰੀ ਕੱਟੀ ਗਈ ਬਿਮਾਰੀ, ਘੋੜੇ ਦੀ ਕਰ ਸਵਾਰੀ। ਇਹ ਲੈ ਜਲ, ਚਾਲੀ ਦਿਨ ਨਿਰਣੇ ਕਾਲਜੇ ਛਕਣਾ ਤੇ ਸੁਫਨਿਆਂ ਬਾਰੇ ਮੱਤ ਸੋਚਣਾ (ਚਰਨ ਸਿੰਘ ਆਉਂਦਾ ਹੈ)

ਚਰਨ ਸਿੰਘ : ਚੰਗਾ ਪਾਠ ਪੜ੍ਹਾ ਰਹੇ ਹੋ! ਨਜ਼ਰ ਸਦਾ ਜਨਾਨੀਆਂ ਦੀ ਭਾਰੀ ਹੁੰਦੀ ਏ, ਬੰਦਿਆਂ ਦੀ ਨਜ਼ਰ ਭੈੜੀ ਨਹੀਂ ਹੋ ਸਕਦੀ?

ਭਾਨ ਸਿੰਘ : ਤੇਰਾ ਕੰਮ ਈ ਪੰਗਾ ਲੈਣਾ ਏ, ਚੰਗਾ ਕੰਮ ਨਾ ਕਰੀਂ ਜ਼ਿੰਦਗੀ ਵਿੱਚ।

ਚਰਨ ਸਿੰਘ : ਚੰਗਾ ਕੰਮ ਫੜਿਐ ਤੁਸੀਂ! ਕਦੇ ਜਾਨਣ ਦੀ ਕੋਸ਼ਿਸ਼ ਕੀਤੀ ਏ ਗੁਰਬਾਣੀ ਦਾ ਸਿਧਾਂਤ ਤੇ ਵਿਚਾਰਧਾਰਾ ਕੀ ਏ? ਲੋਕਾਂ ਨੂੰ ਕੀ ਸਿਖਾ ਰਹੇ ਹੋ ਵਹਿਮ ਭਰਮ ਤੇ ਜਲ ਦੇ ਛਿੱਟੇ।

ਭਾਨ ਸਿੰਘ : ਬੰਦਾ ਬਣ ਜਾ, ਨਹੀਂ ਤਾਂ ਮਾੜੇ ਦਿਨ ਵੇਖੇਂਗਾ।

ਚਰਨ ਸਿੰਘ : ਜਿਥੇ ਤੁਹਾਡੇ ਵਰਗੇ ਮਹਾਂਪੁਰਸ਼ ਹੋਣ, ਉਥੇ ਸਾਡੇ ਵਰਗੇ ਪੜ੍ਹੇ ਲਿਖੇ ਲੋਕਾਂ ਦੇ ਦਿਨ ਕਿਵੇਂ ਚੰਗੇ ਹੋਣਗੇ?

ਜਗਤਾ : ਮਹਾਂਪੁਰਸ਼ਾਂ ਨੂੰ ਇਵੇਂ ਬੋਲਦੇ ਤੈਨੂੰ ਸ਼ਰਮ ਨਹੀਂ ਆਉਂਦੀ।

ਚਰਨ ਸਿੰਘ : ਸ਼ਰਮ ਤਾਂ ਤੈਨੂੰ ਆਉਣੀ ਚਾਹੀਦੀ ਏ ਜਿਹਨੂੰ ਜਨਾਨੀ ਦੀ ਨਜ਼ਰ ਲੱਗ ਗਈ ਏ।



ਜਗਤਾ : ਤੇਰੇ ਨਾਲ ਦੋ ਹੱਥ ਕਰਨੇ ਹੀ ਪੈਣਗੇ। ਵਿਖਾ ਦਿਆਂ ਹੱਥ ਇਹਨੂੰ ਬਾਬਾ ਜੀ?

ਚਰਨ ਸਿੰਘ : ਮੈਂ ਤੇਰੇ ਵਰਗਾ ਸਿਆਣਾ ਨਹੀਂ ਜਿਹੜਾ ਮੂੰਹ ਨਾਲ ਗੱਲ ਕਰਨ ਦੀ ਥਾਂ ਦੋ ਹੱਥ ਕਰਨ ਨੂੰ ਪੈ ਜਾਵਾਂ, ਮੈਂ ਫਿਰ ਆਵਾਂਗਾ। (ਚਰਨ ਸਿੰਘ ਚਲਾ ਜਾਂਦਾ ਹੈ)

ਭਾਨ ਸਿੰਘ : ਫਿਰ ਆਵਾਂਗਾ! ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ। ਚੰਗਾ ਹੋਇਆ ਮਗਰੋਂ ਲਹਿ ਗਿਐ।

ਮੋਹਨ : ਬਾਬਾ ਜੀ, ਕਥਾ ਦਾ ਟਾਈਮ ਹੋ ਗਿਐ।

ਜਗਤਾ : ਬਾਬਾ ਜੀ ਮੈਂ ਭਾਂਡੇ ਛੱਡ ਕੇ ਆਇਆ, ਮੈਂ ਵੀ ਕਥਾ ਸੁਣਾਂਗਾ।

(ਜਗਤਾ ਚਲਾ ਜਾਂਦਾ ਹੈ)

ਭਾਨ ਸਿੰਘ : ਭਗਤ ਜਨੋ, ਸੰਤ ਮਹਾਰਾਜ ਜੰਗਲ ਵਿੱਚੋਂ ਲੰਘ ਰਹੇ ਸਨ, ਰੱਬ ਦੇ ਪਿਆਰ ਵਿੱਚ ਲੀਨ ਆਪਣੀ ਮਸਤ ਤੋਰੇ ਤੁਰਦੇ ਜਾ ਰਹੇ ਸਨ। ਅਚਾਨਕ ਇਕ ਔਰਤ ਦੀਆਂ ਚੀਖਾਂ ਦੀ ਆਵਾਜ਼ ਆਈ। ਸੰਤ ਜੀ ਤਾਂ ਦੀਨ ਦੁਖੀਆਂ ਦੇ ਭਲੇ ਲਈ ਹੀ ਤਾਂ ਇਸ ਦੁਨੀਆਂ ਅੰਦਰ ਆਏ ਸਨ। ਔਰਤ ਬੱਚੇ ਨੂੰ ਜਨਮ ਦੇਣ ਵਾਲੀ ਸੀ, ਪਰ ਔਰਤ ਹਾਲੋਂ ਬੇਹਾਲ ਹੋ ਰਹੀ ਸੀ। ਉਸ ਨੂੰ ਦਾਈ ਦੀ ਮਦਦ ਦੀ ਲੋੜ ਸੀ। ਪਰ ਜੰਗਲ ਵਿੱਚ ਦਾਈ ਕਿੱਥੇ? ਪ੍ਰਸ਼ਨ ਖੜ੍ਹਾ ਹੋ ਗਿਆ ਕਿ ਸੰਤ ਜੀ ਕੀ ਕਰਨ? ਸਮੱਸਿਆ ਬੜੀ ਗੰਭੀਰ ਸੀ। ਸੰਤਾਂ ਕੋਲੋਂ ਦੁੱਖੀ ਔਰਤ ਦਾ ਦਰਦ ਵੇਖਿਆ ਨਾ ਗਿਆ। ਉਨ੍ਹਾਂ ਨੇ ਆਪਣੇ ਮੂੰਹ 'ਤੇ ਕੱਪੜਾ ਬੰਨ੍ਹ ਕੇ ਦਾਈ ਦੀ ਭੂਮਿਕਾ ਨਿਭਾਅ ਦਿੱਤੀ। ਔਰਤ ਨੇ ਬੱਚੇ ਨੂੰ ਜਨਮ ਦਿੱਤਾ। ਬੋਲੋ ਜੈ ਸੰਤਾਂ ਦੀ....

ਲੋਕ : ਜੈ ਸੰਤਾਂ ਦੀ.... (ਚਰਨ ਸਿੰਘ ਆਉਂਦਾ ਹੈ)

ਚਰਨ : ਇਹ ਕਥਾ ਝੂਠੀ ਤੇ ਮਨਘੜਤ ਏ।

ਭਾਨ ਸਿੰਘ : ਸੰਤ ਕਦੇ ਝੂਠੀ ਨਹੀਂ ਬੋਲ ਸਕਦੇ। ਅਸੀਂ ਸੱਚ ਦੇ ਪੁਜਾਰੀ ਹਾਂ। ਤੇਰੇ ਪਾਸ ਕੀ ਸਬੂਤ ਏ ਕਿ ਇਹ ਕਥਾ ਝੂਠੀ ਏ?

ਚਰਨ ਸਿੰਘ : ਮੈਨੂੰ ਮੇਰੇ ਪ੍ਰਸ਼ਨਾਂ ਦੇ ਜਵਾਬ ਚਾਹੀਦੇ ਨੇ। ਪਹਿਲਾ ਸਵਾਲ ਇਹ ਕਥਾ ਕਿਸ ਸੰਨ ਦੀ ਹੈ? ਜੰਗਲ ਦਾ ਨਾਂ ਕੀ ਹੈ?

ਭਾਨ ਸਿੰਘ : ਇਹ ਸਤਯੁਗ ਦੀਆਂ ਗੱਲਾਂ ਨੇ, ਜੰਗਲ ਦਾ ਕਾਹਦਾ ਨਾਂ? ਜੰਗਲ ਤਾਂ ਜੰਗਲ ਹੀ ਹੈ।

ਚਰਨ ਸਿੰਘ : ਅੱਛਾ! ਮੇਰਾ ਅਗਲਾ ਸਵਾਲ, ਕਥਾ ਵਿੱਚ ਜਿਸ ਸੰਤ ਦੀ ਗੱਲ ਕਰ ਰਹੇ ਸੀ ਉਸ ਦਾ ਨਾਂ ਕੀ ਹੈ?

ਭਾਨ ਸਿੰਘ : ਸੰਤਾਂ ਨੂੰ ਜਿਸ ਨਾਂ ਨਾਲ ਮਰਜ਼ੀ ਸੱਦ ਲਓ, ਕੀ ਫਰਕ ਪੈਂਦੈ? ਸੰਤ ਨਾ ਹੋਤੇ ਜਗਤ ਮੇਂ ਜਲ ਜਾਤਾ ਸੰਸਾਰ।

ਚਰਨ ਸਿੰਘ : ਅੱਛਾ, ਸੰਤਾਂ ਦਾ ਕੋਈ ਪਤਾ ਨਹੀਂ ਸੀ। ਇਤਿਹਾਸ ਇਹੋ ਮੰਗ ਕਰਦੈ ਕਦੋਂ, ਕਿੱਥੇ ਤੇ ਕਿਵੇਂ? ਮੇਰਾ ਅਗਲਾ ਸਵਾਲ : ਜੇ ਉਹ ਔਰਤ ਬੱਚਾ ਪੈਦਾ ਕਰਨ ਦੀ ਹਾਲਤ ਵਿੱਚ ਸੀ ਤਾਂ ਉਹ ਜੰਗਲ ਵਿੱਚ ਕੀ ਲੈਣ ਗਈ ਸੀ?

ਭਾਨ ਸਿੰਘ : (ਭੜਕ ਕੇ) ਉਹ ਜੰਗਲ ਵਿੱਚ ਗਈ ਸੀ, ਹਾਂ ਹਾਂ ਗਈ ਸੀ।

ਲੋਕ : ਹਾਂ ਹਾਂ ਗਈ ਸੀ।

ਚਰਨ ਸਿੰਘ : ਮੈਂ ਇਹੋ ਪੁਛਦਾਂ ਕਿ ਉਹ ਇਕੱਲੀ ਜੰਗਲ ਵਿੱਚ ਕੀ ਲੈਣ ਗਈ ਸੀ?

ਭਾਨ ਸਿੰਘ : ਇਹ ਉਸ ਔਰਤ ਦੀ ਮਰਜ਼ੀ ਭਾਵੇਂ ਜੰਗਲ ਜਾਵੇ, ਬਜ਼ਾਰ ਜਾਵੇ ਜਾਂ ਫਿਰ ਘਰ ਰਹੇ।

ਚਰਨ ਸਿੰਘ : ਵਾਹ! ਜਵਾਬ ਕਿੰਨਾ ਢੁਕਵਾਂ ਏ! ਜਣੇਪੇ ਦੀ ਹਾਲਤ ਵਿੱਚ ਔਰਤ ਘਰ ਰਹਿਣਾ ਪਸੰਦ ਕਰੇਗੀ ਕਿ ਜੰਗਲ ਵਿੱਚ ਟੱਕਰਾਂ ਮਾਰਦੀ ਫਿਰੇਗੀ?

ਭਾਨ ਸਿੰਘ : ਮੈਂ ਕਹਿ ਚੁੱਕਾਂ ਇਹ ਕਥਾ ਸਤਯੁਗ ਦੀ ਹੈ, ਜਦ ਸਤ ਉੱਪਰ ਜ਼ੋਰ ਦਿੱਤਾ ਜਾਂਦਾ ਸੀ। ਅੱਜ ਕਲਯੁਗ ਏ, ਘੋਰ ਕਲਯੁਗ।

ਲੋਕ : ਹਾਂ ਹਾਂ ਕਲਯੁਗ ਏ, ਘੋਰ ਕਲਯੁਗ।

ਚਰਨ ਸਿੰਘ : ਇਹ ਕਲਜੁਗ ਤੁਹਾਡੇ ਚਿਹਰਿਆਂ ’ਤੇ ਸਾਫ ਨਜ਼ਰ ਆ ਰਿਹੈ। ਮੇਰੇ ਲੋਕੋ! ਜ਼ਰਾ ਸੋਚੋ, ਇਹ ਲੋਕ ਤੁਹਾਨੂੰ ਮਨਘੜਤ ਤੇ ਝੂਠੀਆਂ ਕਹਾਣੀਆਂ ਸੁਣਾ ਕੇ ਪੁੱਠੇ ਗੇੜ ਵਿੱਚ ਪਾ ਰਹੇ ਨੇ। ਇਹ ਲੋਕ ਸਮਾਜ ’ਤੇ ਵਾਧੂ ਬੋਝ ਨੇ।

ਭਾਨ ਸਿੰਘ : ਮੂਰਖਾ! ਤੇਰੇ ’ਤੇ ਕੀ ਬੋਝ ਪਾਇਐ ਮੈਂ?

ਚਰਨ ਸਿੰਘ : ਜੋ ਬੰਦਾ ਹੱਥੀਂ ਕੰਮ ਨਹੀਂ ਕਰਦਾ ਉਹ ਗੁਰੂ ਨਾਨਕ ਦਾ ਸਿੱਖ ਨਹੀਂ, ਇਸੇ ਕਰਕੇ ਤੁਸੀਂ ਲੋਕ ਧਰਤੀ ’ਤੇ ਵਾਧੂ ਬੋਝ ਹੋ।

ਭਾਨ ਸਿੰਘ : ਤੈਨੂੰ ਗੁਰੂ ਨਾਨਕ ਦੇਵ ਦਾ ਬਹੁਤਾ ਪਤੈ? ਤੂੰ ਇਥੇ ਲੈਣ ਕੀ ਆਇਐਂ?

ਚਰਨ ਸਿੰਘ : ਤੁਹਾਡਾ ਪਖੰਡੀ ਕਿਰਦਾਰ ਨਸ਼ਰ ਕਰਨ ਆਇਆਂ।

ਮੋਹਨ : ਸਾਧ ਸੰਗਤ ਜੀ, ਇਹ ਬੰਦਾ ਬਾਬਾ ਜੀ ਦਾ ਨਿਰਾਦਰ ਕਰ ਰਿਹੈ। ਕਿੰਨਾ ਕੁੱਝ ਬਕੜਵਾਹ ਕਰ ਗਿਐ ਤੇ ਅਜੇ ਵੀ ਬੱਸ ਨਹੀਂ ਕਰਦਾ



ਪਿਆ। ਜੇ ਤੁਸੀਂ ਇੱਦਾ ਦੇ ਬਦਮਾਸ਼ਾਂ ਦਾ ਮੂੰਹ ਬੰਦ ਨਹੀਂ ਕਰ ਸਕਦੇ ਤਾਂ ਬਾਬਾ ਜੀ ਆਹ ਸਥਾਨ ਛੱਡ ਕੇ ਕਿਤੇ ਹੋਰ ਥਾਂ ਚਲੇ ਜਾਣਗੇ।

ਲੋਕ : ਇਹ ਨਹੀਂ ਹੋ ਸਕਦਾ। ਬਾਬਾ ਭਾਨ ਸਿੰਘ ਜ਼ਿੰਦਾਬਾਦ, ਚਰਨਾ ਪਾਹੜੂ ਮੁਰਦਾਬਾਦ।

ਚਰਨ ਸਿੰਘ : ਮੇਰੇ ਲੋਕੋ! ਮੇਰੀ ਗੱਲ ਤਾਂ ਸੁਣੋ, ਮੈਂ ਦਲੀਲ ਨਾਲ ਗੱਲ ਕਰ ਰਿਹਾਂ।

ਮੋਹਨ : ਨਾਸਤਕ ਬੰਦੇ ਦੀ ਕਾਹਦੀ ਦਲੀਲ।

ਲੋਕ : ਕਾਹਦੀ ਦਲੀਲ, ਕਾਹਦੀ ਦਲੀਲ, ਚਰਨਾ ਪਾਹੜੂ ਮੁਰਦਾਬਾਦ। ਕੁੱਟੋ, ਮਾਰੋ, ਰਗੜ ਦਿਓ (ਵੱਟੇ ਵਜਦੇ ਹਨ)

ਚਰਨ ਸਿੰਘ : ਸ਼ਾਂਤੀ, ਸ਼ਾਂਤੀ ਨਾਲ ਗੱਲ ਕਰੋ, ਜ਼ਰਾ ਸੋਚੋ (ਚਰਨ ਸਿੰਘ ਦੇ ਵੱਟੇ ਵਜਦੇ ਹਨ ਤੁਹਾਨੂੰ ਜਾਗਰਤੀ ਦੀ ਲੋੜ ਨਹੀਂ, ਗਿਆਨ ਦੀ ਲੋੜ ਨਹੀਂ। ਅੱਜ ਤੁਸੀਂ ਮੈਨੂੰ ਵੱਟੇ ਮਾਰੇ ਨੇ, ਕਲ੍ਹ ਨੂੰ ਮੇਰੇ ਗੋਡੀਂ ਹੱਥ ਲਾਉਗੇ (ਰੋਸ਼ਨੀ ਬੁੱਝ ਕੇ ਫਿਰ ਜਗਦੀ ਹੈ) ਤੇ ਫਿਰ ਮੈਂ ਵੀ ਚੋਲਾ ਪਾ ਕੇ ਮਹਾਂਪੁਰਸ਼ ਬਣ ਗਿਆ। ਲੋਕ ਮੇਰੇ ਅੱਗੇ ਪਿੱਛੇ, ਮਾਇਆ ਦੀ ਬੋਰੀਆਂ ਭਰਨ ਲੱਗੀਆਂ, ਨਵੇਂ ਤੋਂ ਨਵੇਂ ਮਾਡਲ ਦੀਆਂ ਕਾਰਾਂ ਮੇਰੀ ਸੇਵਾ ਵਿੱਚ, ਮੈਂ ਵਾਜੇ ਤੇ ਸਿੱਧੀਆਂ ਪੁੱਠੀਆਂ ਧਾਰਨਾਵਾਂ ਲਾ ਕੇ ਬੱਲੇ-ਬੱਲੇ ਕਰਵਾ ਦਿੱਤੀ। ਇੱਕ ਪ੍ਰੋਗਰਾਮ ਵਿੱਚ ਬਾਬਾ ਭਾਨ ਸਿੰਘ ਨਾਲ ਮੇਰੀ ਭੇਂਟ ਹੋਈ.... (ਰੋਸ਼ਨੀ ਬੁੱਝ ਕੇ ਸਟੇਜ ’ਤੇ ਹੋਰ ਥਾਂ ਫਿਰ ਜਗਦੀ ਹੈ)

ਭਾਨ ਸਿੰਘ : ਆਈ ਨਾ ਖੋਤੀ ਬੋਹੜ ਥੱਲੇ, ਧਾਰਮਿਕ ਚਿੰਨ੍ਹ ਧਾਰਨ ਕਰਨੇ ਪਏ ਨਾ?

ਚਰਨ ਸਿੰਘ : ਮੈਨੂੰ ਲੋਕਾਂ ਨੇ ਮਹਾਂਪੁਰਸ਼ ਬਣਾਇਐ। ਜਦ ਅਸੀਂ ਇਕੱਠੇ ਪੜ੍ਹਦੇ ਸੀ ਓਦੋਂ ਮੈਂ ਲਾਇਕ ਵਿਦਿਆਰਥੀ ਸੀ....

ਭਾਨ ਸਿੰਘ : (ਟੋਕ ਕੇ) ਪਰ ਅੱਜ ਵੱਡਾ ਸੰਤ ਮੈਂ ਹੀ ਹਾਂ। ਤੂੰ ਆਪਣੇ ਨਾਂ ਨਾਲ ਬਾਬਾ ਚਰਨ ਸਿੰਘ ਬੀ.ਏ. ਕਿਉਂ ਲਿਖਾ ਰਿਹੈਂ?

ਚਰਨ ਸਿੰਘ : ਮੈਂ ਬੀ.ਏ. ਪਾਸ ਹਾਂ, ਤੁਹਾਡੇ ਵਾਂਗ ਦੋ ਵਾਰ ਫੇਲ੍ਹ ਨਹੀਂ ਹੋਇਆ।

ਭਾਨ ਸਿੰਘ : ਤੂੰ ਚੂੰਡੀ ਮਾਰਨ ਤੋਂ ਬਾਜ ਨਹੀਂ ਆ ਰਿਹਾ। ਤੈਨੂੰ ਉਹ ਵੱਟੇ ਭੁਲ ਗਏ ਜੋ ਸਾਧ ਸੰਗਤ ਨੇ ਮਾਰੇ ਸੀ?

ਚਰਨ ਸਿੰਘ : ਜੇ ਅੱਜ ਬਹਿਸ ਹੋਵੇ ਤਾਂ ਅੱਧੇ ਵੱਟੇ ਤੈਨੂੰ ਜ਼ਰੂਰ ਵਜਣਗੇ, ਤੇਰੇ ਕੋਲੋਂ ਖਾਣ ਨਹੀਂ ਹੋਣੇ।

ਭਾਨ ਸਿੰਘ : ਤੇਰੀ ਜਾਗਰਤੀ ਕਿਥੇ ਗਈ ਜੋ ਤੂੰ ਲੋਕਾਂ ਵਿੱਚ ਪੈਦਾ ਕਰਨੀ ਚਾਹੁੰਦਾ ਸੀ?

ਚਰਨ ਸਿੰਘ : ਹਾਂਅ, ਇੱਕ ਦਿਨ ਆਵੇਗਾ ਜਦ ਮੈਨੂੰ ਉਸ ਸਰੂਪ ਵਿੱਚ ਵੀ ਸੁਣਨਗੇ। ਤੇਰਾ ਬੋਰੀ ਬਿਸਤਰਾ ਜ਼ਰੂਰ ਗੋਲ ਹੋਵੇਗਾ। ਤੇਰਾ ਚੇਲਾ ਮੋਹਨ ਮੇਰੀ ਹੁਣ ਵੀ ਸੁਣਦੈ।

ਭਾਨ ਸਿੰਘ : ਦੇਖ ਲਵਾਂਗਾ। (ਭਾਨ ਸਿੰਘ ਚਲਾ ਜਾਂਦਾ ਹੈ)

ਚਰਨ ਸਿੰਘ : ਇੱਕ ਦਿਨ ਸੱਚ ਦਾ ਜ਼ਰੂਰ ਆਵੇਗਾ। (ਇੱਕ ਅੰਗਰੇਜ਼ ਆਉਂਦਾ ਹੈ) ਮਿਸਟਰ ਹਾਗ, ਹੈਲੋ!

ਅੰਗਰੇਜ਼ : ਹੈਲੋ, ਹਾਓ ਆਰ ਯੂ?

ਚਰਨ ਸਿੰਘ : ਰੀਅਲੀ ਵੈੱਲ, ਆਈ ਨੋ ਦੈਟ ਯੂ ਆਰ ਗੋਇੰਗ ਟੂ ਮੇਕ ਰਿਸਰਚ ਓਨ ਗੁਰੂ ਨਾਨਕ ਐਂਡ ਹਿਜ ਥਾੱਟ।

ਅੰਗਰੇਜ਼ : ਸਪੀਕ ਇਨ ਪੰਜਾਬੀ ਔਰ ਹਿੰਦੀ, ਆਈ ਕੈਨ ਅੰਡਰਸਟੈਂਡ ਪੰਜਾਬੀ ਔਰ ਹਿੰਦੀ।

ਬਟ, ਆਈ ਕੈਨ ਓਨਲੀ ਸਪੀਕ ਇਨ ਇੰਗਲਿਸ਼ (ਭੁੱਲਾ ਆਉਂਦਾ ਹੈ)

ਭੁੱਲਾ : ਕੀ ਕਹਿੰਦੈ ਅੰਗਰੇਜ਼?

ਚਰਨ ਸਿੰਘ : ਇਹ ਕਹਿੰਦੈ ਤੁਸੀਂ ਪੰਜਾਬੀ ਜਾਂ ਹਿੰਦੀ ਵਿੱਚ ਗੱਲ ਕਰੋ, ਮੈਂ ਸਮਝ ਲਵਾਂਗਾ ਪਰ ਮੈਂ ਅੰਗਰੇਜ਼ੀ ਹੀ ਬੋਲਾਂਗਾ।

ਭੁੱਲਾ : ਆਪਾਂ ਨੂੰ ਕਿਹੜਾ ਸਮਝ ਪੈਣੀ ਏ, ਅੰਗਰੇਜ਼ ਭਾਵੇਂ ਮਾਵਾਂ ਭੈਣਾਂ ਦੀਆਂ ਗਾਹਲਾਂ ਈ ਕੱਢੀ ਜਾਵੇ।

ਚਰਨ ਸਿੰਘ : ਨਹੀਂ ਇਹ ਅੰਗਰੇਜ਼ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਵਿਚਾਰਧਾਰਾ ’ਤੇ ਇੱਕ ਕਿਤਾਬ ਲਿਖ ਰਿਹੈ, ਇਹ ਪੰਜਾਬ ਵਿੱਚ ਪ੍ਰੋਫੈਸਰਾਂ, ਲੇਖਕਾਂ ਨੂੰ ਮਿਲ ਰਿਹੈ ਅਤੇ ਧਾਰਮਿਕ ਲੋਕਾਂ ਨੂੰ ਵੀ।

ਭੁੱਲਾ : ਆਹ ਅੰਗਰੇਜ਼ ਗੁਰੂ ਨਾਨਕ ’ਤੇ ਕਿਤਾਬ ਲਿਖੇਗਾ?

ਅੰਗਰੇਜ਼ : ਵਾਈ ਨਾਟ, ਗੁਰੂ ਨਾਨਕ ਵਾਜ਼ ਏ ਲਾਈਟ ਫਾਰ ਦੀ ਐਨਟਾਇਰ ਹੁਮੈਨਟੀ।

ਚਰਨ ਸਿੰਘ : ਕਹਿ ਰਿਹੈ ਗੁਰੂ ਨਾਨਕ ਦੇਵ ਸਾਰੀ ਦੁਨੀਆਂ ਲਈ ਚਾਨਣ ਸੀ।



ਭੁੱਲਾ : ਗੱਲ ਪਾਏਦਾਰ ਲੱਗਦੀ ਏ, ਪਰ ਸਾਡੇ ਨਗਰ ਕੀ ਲੈਣ ਆਇਐ?

ਅੰਗਰੇਜ਼ : ਟੂ ਵਾਚ ਦੀ ਸੀਨ ਆਫ ਏ ਰਿਲੀਜਸ ਪ੍ਰੋਗਰੈਮ।

ਚਰਨ ਸਿੰਘ : ਧਾਰਮਿਕ ਸੰਮੇਲਨ ਵੇਖਣ ਆਇਐ।

ਅੰਗਰੇਜ਼ੀ : ਯੈੱਸ, ਏ ਮਿਲੀਅਨਸ ਆਫ ਪੀਪਲ ਆਰ ਜਸਟ ਲਿਸਨਿੰਗ ਏ ਮੈਨ।

ਵਟ ਆਰ ਦੇ ਡੂਇੰਗ?

ਚਰਨ ਸਿੰਘ : ਕਹਿ ਰਿਹੈ ਲੱਖਾਂ ਲੋਕ ਹੇਠਾਂ ਬੈਠ ਕੇ ਸਟੇਜ ’ਤੇ ਬੈਠੇ ਇੱਕ ਬੰਦੇ ਨੂੰ ਸੁਣ ਰਹੇ ਨੇ। ਇਹ ਲੋਕ ਕੀ ਕਰ ਰਹੇ ਨੇ? (ਅੰਗਰੇਜ਼ ਨੂੰ) ਮਿਸਟਰ ਹਾਗ, ਇਹ ਲੋਕ ਅਗਲੇ ਜਨਮ ਦਾ ਫਿਕਰ ਕਰ ਰਹੇ ਨੇ।

ਭੁੱਲਾ : ਕਿਤੇ ਅਗਲੇ ਜਨਮ ’ਚ ਗਧੇ ਨਾ ਬਣ ਜਾਣ.... ਡੌਂਕੀ।

ਅੰਗਰੇਜ਼ : ਡੌਂਕੀ, ਵਟ ਐਨ ਇਨੋਸੈਂਟ ਐਨੀਮਲ?

ਚਰਨ ਸਿੰਘ : ਕਹਿੰਦੈ, ਗਧਾ ਬੜਾ ਭਲਾ ਜਾਨਵਰ ਏ।

ਭੁੱਲਾ : ਫਿਰ ਤਾਂ ਇਹ ਲੋਕ ਗਧੇ ਹੀ ਰਹਿਣਗੇ।

ਅੰਗਰੇਜ਼ : ਦੀ ਪੀਪਲ ਆਰ ਵਰਇੰਗ ਅਬੌਟ ਦਿਅਰ ਨੈਕਸਟ ਬਰਥ, ਵਾਈ ਡੌਂਟ ਦੇ ਮੈਂਡ ਦਿਸ ਪਰੈਜੈਂਟ ਲਾਈਫ?

ਚਰਨ ਸਿੰਘ : ਅੰਗਰੇਜ਼ ਹੈਰਾਨ ਏ ਇਹ ਲੋਕ ਅਗਲੇ ਜਨਮ ਬਾਰੇ ਕਿਉਂ ਸੋਚਦੇ ਨੇ? ਹੁਣ ਵਾਲੇ ਜਨਮ ਨੂੰ ਕਿਉਂ ਨਹੀਂ ਸੰਵਾਰਦੇ?

ਭੁੱਲਾ : ਜੇ ਲੋਕਾਂ ਨੂੰ ਪੁੱਛਿਆ ਤਾਂ ਸਿਰ ਪਾੜ ਦੇਣਗੇ।

ਚਰਨ ਸਿੰਘ : ਨਹੀਂ, ਉਹ ਮੇਰੀ ਵਰਦੀ ਵੱਲ ਵੇਖ ਕੇ ਜੁਅਰਤ ਨਹੀਂ ਕਰਨਗੇ।

ਅੰਗਰੇਜ਼ : ਗੁਰੂ ਨਾਨਕ ਸੇਅਸ ਵਰਕ ਇਜ਼ ਵਰਸ਼ਿਪ।

ਚਰਨ ਸਿੰਘ : ਚੇਤੇ ਕਰਵਾ ਰਿਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿਰਤ ਕਰੋ।

ਸਿੱਖ ਧਰਮ ਵਿੱਚ ਵਿਹਲੜਾਂ ਲਈ ਕੋਈ ਥਾਂ ਨਹੀਂ।

ਅੰਗਰੇਜ਼ : ਦੀ ਪੀਪਲ ਡੂ ਨਾਟ ਐਨਾਲਾਈਜ਼ ਦੀ ਹੋਲੀ ਗੁਰੂ ਗ੍ਰੰਥ। ਦੇ ਡੂ ਨਾਟ ਅੰਡਰਸਟੈਂਡ ਦੀ ਮੀਨਿੰਗ ਆਫ ਦੀ ਕੰਟੈਂਟਸ।

ਭੁੱਲਾ : ਕੀ ਕਹਿੰਦੈ?

ਚਰਨ ਸਿੰਘ : ਕਹਿੰਦੈ ਅਸੀਂ ਸਭ ਉੱਲੂ ਦੇ ਪੱਠੇ ਹਾਂ ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹ ਕੇ ਗੁਰਬਾਣੀ ਦੇ ਅਰਥ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ।

ਭੁੱਲਾ : ਇਥੇ ਹਰ ਬਾਬਾ ਆਪਣੇ ਹੀ ਅਰਥ ਕੱਢੀ ਫਿਰਦੇ, ਜੇ ਲੋਕ ਅਰਥ ਸਮਝ ਜਾਣ ਤਾਂ ਇਹਨਾਂ ਬਾਬਿਆਂ ਨੂੰ ਹੱਥੀਂ ਕੰਮ ਕਰਕੇ ਕਮੌਣਾ ਪਵੇਗਾ ਜਿਵੇਂ ਬਾਬੇ ਨਾਨਕ ਨੇ ਕਰਤਾਰਪੁਰ ਖੇਤੀ ਕੀਤੀ ਸੀ।

ਅੰਗਰੇਜ਼ : ਬਟ ਇਨ ਯੂਰੋਪ, ਦਿਅਰ ਇਜ਼ ਨੋ ਸਚ ਸੇਂਟਸ, ਨੋ ਰਿਲੀਜਸ ਗੈਦਰਿੰਗਸ। ਬਟ ਯੂਰੋਪ ਇਜ਼ ਏ ਹੈਵਨ। ਦੀ ਪੀਪਲ ਆਰ ਔਨੈਸਟ, ਡਿਊਟੀਫੁੱਲ ਐਂਡ ਸਾਇੰਟੇਫਿਕ ਮਾਈਂਡਡ।

ਭੁੱਲਾ : ਯੂਰਪ ਦੇ ਮੁਲਕਾਂ ਦੀ ਗੱਲ ਕਰਦਾ ਜਾਪਦੈ?

ਚਰਨ ਸਿੰਘ : ਸਮਝਾ ਰਿਹੈ ਯੂਰਪ ਵਿੱਚ ਕੋਈ ਧਾਰਮਿਕ ਬਾਬੇ ਨਹੀਂ, ਕੋਈ ਸੰਤ ਸਮਾਗਮ ਨਹੀਂ ਹੁੰਦੇ ਪਰ ਯੂਰਪ ਸਵਰਗ ਏ। ਉਥੋਂ ਦੇ ਲੋਕ ਇਮਾਨਦਾਰ, ਡਿਊਟੀ ਦੀ ਕਦਰ ਕਰਨ ਵਾਲੇ ਅਤੇ ਸਾਇੰਸ ਨੂੰ ਮੰਨਣ ਵਾਲੇ ਨੇ।

ਅੰਗਰੇਜ਼ : ਜਸਟ ਸੀ, ਦਿਅਰ ਇਜ਼ ਏ ਬੈੱਲ ਇਨ ਦੀ ਡੋਰ ਆਫ ਏ ਟੈਂਪਲ. ਵਾਈ ਦੀ ਪੀਪਲ ਰਿੰਗ ਇਟ?

ਚਰਨ ਸਿੰਘ : ਹੈਰਾਨ ਹੋ ਰਿਹੈ ਇੱਕ ਮੰਦਰ ਵਿੱਚ ਘੰਟੀ ਲਟਕਦੀ ਪਈ ਏ, ਲੋਕ ਇਹਨੂੰ ਕਿਉਂ ਖੜਕਾ ਰਹੇ ਨੇ?

ਅੰਗਰੇਜ਼ : ਯੈੱਸ, ਯੈੱਸ?

ਚਰਨ ਸਿੰਘ : ਮੰਦਰ ਵਿੱਚ ਰੱਬ ਗੂਹੜੀ ਨੀਂਦ ਸੁੱਤਾ ਪਿਐ, ਲੋਕ ਘੰਟੀ ਵਜਾ ਕੇ ਰੱਬ ਨੂੰ ਜਗਾਉਂਦੇ ਨੇ ਤੇ ਆਪਣੀ ਹਾਜ਼ਰੀ ਲਵਾਉਂਦੇ ਨੇ।

ਅੰਗਰੇਜ਼ : ਦੀਜ ਸੇਂਟਸ ਡੂ ਨਾਟ ਅਡਵਾਈਸ ਦੀ ਯੰਗਸਟਰਸ ਟੂ ਗੈੱਟ ਐਜੂਕੇਸ਼ਨ। ਵਾਈ ਇਟ ਇਜ਼ ਸੋ?

ਚਰਨ ਸਿੰਘ : ਮਤਲਬ ਇਹ ਹੈ ਕਿ ਇਹ ਮਹਾਂਪੁਰਸ਼ ਇਥੋਂ ਦੇ ਨੌਜਵਾਨਾਂ ਨੂੰ ਪੜ੍ਹਾਈ ਕਰਨ ਦੀ ਸਿੱਖਿਆ ਕਿਉਂ ਨਹੀਂ ਦਿੰਦੇ?

ਭੁੱਲਾ : ਜਿਹੜੇ ਬਾਬੇ ਆਪ ਛੇਵੀਂ ਸੱਤਵੀਂ ਫੇਲ੍ਹ ਨੇ ਉਨ੍ਹਾਂ ਦੀ ਸਿੱਖਿਆ ਕਿਹੜਾ ਚੰਦ ਚਾੜ੍ਹੇਗੀ।

(ਬਾਬਾ ਭਾਨ ਸਿੰਘ ਗੁੱਸੇ ਵਿੱਚ ਆਉਂਦਾ ਹੈ।)

ਭਾਨ ਸਿੰਘ : (ਅੰਗਰੇਜ਼ ਨੂੰ) ਓ ਵਲੈਤੀਆ, ਚੁੱਪ ਕਰਕੇ ਖਿਸਕ ਜਾ। ਨਹੀਂ ਤਾਂ ਤੇਰੀ ਕਬਰ ਇਥੇ ਬਣ ਜੂ।

ਅੰਗਰੇਜ਼ : ਆਈ ਹੈਵ ਗੋਟ ਦੀ ਪਰਮਿਸ਼ਨ ਆਫ ਦੀ ਇੰਡੀਅਨ ਗਵਰਨਮੈਂਟ ਟੂ ਟਰੈਵਲ ਐਨੀਵਿਅਰ ਇਨ ਇੰਡੀਆ। ਆਰ. ਯੂ. ਦੀ ਗਵਰਨਮੈਂਟ?



ਚਰਨ ਸਿੰਘ : ਇਹਨੇ ਘੁੰਮਣ ਫਿਰਨ ਦੀ ਸਰਕਾਰੀ ਇਜਾਜ਼ਤ ਲਈ ਏ। ਪੁੱਛਦੈ ਕੀ ਤੂੰ ਸਰਕਾਰ ਏਂ।

ਭਾਨ ਸਿੰਘ : (ਗੁੱਸੇ ਵਿੱਚ) ਦੱਸਾਂ ਫਿਰ....

ਅੰਗਰੇਜ਼ : (ਭਾਨ ਸਿੰਘ ਵੱਲ ਇਸ਼ਾਰਾ ਕਰਕੇ) ਦਿਸ ਪਰਸਨ ਹੈਜ ਏ ਬਿਗ ਬੈਲੀ। ਹੀ ਲੁਕਸ ਲਾਈਕ ਏ ਰੈਸਲਰ।

ਚਰਨ ਸਿੰਘ : ਅੰਗਰੇਜ਼ ਇਹ ਪੁੱਛ ਰਿਹੈ ਇਹਦਾ ਢਿੱਡ ਕਿਉਂ ਐਡਾ ਵੱਡਾ ਏ, ਇਹ ਤਾਂ ਰੈਸਲਰ ਜਾਪਦੈ ਯਾਨੀ ਕੁਸ਼ਤੀ ਕਰਨ ਵਾਲਾ।

ਭਾਨ ਸਿੰਘ : ਇਹਦੇ ਖਾਨੇ ਪਾ ਦੇ ਗੱਲ ਜੇ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਜਰਾ ਵੀ ਇਸ਼ਾਰਾ ਕਰ ਤਾ ਤਾਂ ਲੋਕ ਇਹਦਾ ਭੜਥਾ ਬਣਾ ਦੇਣਗੇ।

ਅੰਗਰੇਜ਼ : ਹੀ ਕਨਸਿਡਰਸ ਹਿਮਸੈਲਫ ਏ ਗਰੇਟ ਮੈਨ। ਹੈਜ ਹੀ ਇਨਵੈਂਟਿਡ ਸਮਥਿੰਗ ਗੁੱਡ ਫਾਰ ਮੈਨ ਕਾਈਂਡ ਆਰ ਡਿਸਕਵਰਡ ਟਰੀਟਮੈਂਟ ਫਾਰ ਏ ਡਿਜੀਜ਼।

ਭੁੱਲਾ : ਅੰਗਰੇਜ਼ ਖਾਸ ਹੀ ਗੱਲ ਕਰ ਗਿਆ ਜਾਪਦੈ।

ਚਰਨ ਸਿੰਘ : ਇਹ ਪੁੱਛ ਰਿਹੈ ਤੂੰ ਮਹਾਂਪੁਰਸ਼ ਕਿਵੇਂ ਹੈ? ਕੀ ਇਹਨੇ ਲੋਕਾਂ ਦੀ ਭਲਾਈ ਲਈ ਕੋਈ ਖੋਜ ਕੀਤੀ ਏ ਜਾਂ ਫਿਰ ਕਿਸੇ ਬਿਮਾਰੀ ਦਾ ਇਲਾਜ ਲੱਭਿਆ ਏ।

ਭੁੱਲਾ : ਇਹ ਬਾਬਾ ਤਾਂ ਖੁਦ ਇੱਕ ਬਿਮਾਰੀ ਏ।

ਭਾਨ ਸਿੰਘ : ਵਿਖਾ ਦਿਆਂ ਮਹਾਂਪੁਰਸ਼ਾਂ ਵਾਲਾ ਪਰਤਾਪ?

ਅੰਗਰੇਜ਼ : ਯੂ ਹੈਵ ਮੈਜਿਕ ਪਾਵਰਸ? ਹਿਅਰ ਇਟ ਇਜ਼ ਏ ਪੈੱਨ, ਚੇਂਜ ਇਟਸ ਪੁਜ਼ੀਸ਼ਨ ਵਿਦੌਟ ਟਚਿੰਗ ਯੂਅਰ ਹੈਂਡਸ।

ਭਾਨ ਸਿੰਘ : ਤੂੰ ਚਾਹੁੰਦਾ ਕੀ ਏਂ?

ਚਰਨ ਸਿੰਘ : ਇਹਨੇ ਪੈੱਨ ਰੱਖਿਐ, ਮਹਾਂਪੁਰਸ਼ਾਂ ਵਾਲੀ ਸ਼ਕਤੀ ਨਾਲ ਬਿਨਾਂ ਛੂਹੇ ਇਸ ਪੈੱਨ ਦੀ ਥਾਂ ਬਦਲ ਕੇ ਵਿਖਾਓ।

ਅੰਗਰੇਜ਼ : ਪਲੀਜ਼ ਲਿਸਨ ਯੂਅਰ ਵਾਇਸ, ਆਈ ਹੈਵ ਰਿਕਾਰਡਡ ਇਟ।

ਚਰਨ ਸਿੰਘ : ਮਹਾਂਪੁਰਸ਼ੋ, ਆਪਣੀ ਰਿਕਾਰਡ ਕੀਤੀ ਅਵਾਜ਼ ਸੁਣੋ।

ਭਾਨ ਸਿੰਘ ਦੀ ਆਵਾਜ਼ : ਸਿੱਧਾ ਜਾਏਂਗਾ ਸਵਰਗਾਂ ਨੂੰ, ਸੰਤਾਂ ਦੀ ਕਰ ਸੇਵਾ....

ਅੰਗਰੇਜ਼ : ਆਈ ਹੈਵ ਵਿਜ਼ਟਡ ਗੋਲਡ ਟੈਂਪਲ ਅੰਮ੍ਰਿਤਸਰ। ਆਈ ਹੈਵ ਆਲਸੋ ਰਿਕਾਰਡਡ ਦੀ ਵਾਇਸਸ ਆਫ ਰਿਲੀਜਸ ਸਿੰਗਰਸ ਆਰ ਰਾਗੀਸ।

ਚਰਨ ਸਿੰਘ : ਅੰਗਰੇਜ਼ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਸੀ, ਵੱਖ-ਵੱਖ ਰਾਗੀਆਂ ਦੀਆਂ ਰਿਕਾਰਡਡ ਅਵਾਜ਼ਾਂ ਸੁਣਾ ਰਿਹੈ।

ਰਿਕਾਰਡ ਆਵਾਜ਼ਾਂ: *ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ....

* ਧਨੁ ਲਿਖਾਰੀ ਨਾਨਕਾ.....

* ਵਿਦਿਆ ਵਿਚਾਰੀ ਤਾਂ ਪਰਉਪਕਾਰੀ....

(ਭਾਨ ਸਿੰਘ ਨੂੰ ਕੰਬਣੀ ਛਿੜ ਪੈਂਦੀ ਹੈ, ਉਥੋਂ ਖਿਸਕਣ ਦੀ ਸਥਿਤੀ ਵਿੱਚ ਹੋ ਜਾਂਦਾ ਹੈ)

ਚਰਨ ਸਿੰਘ : ਖੜ੍ਹ ਜੇ ਹਿੰਮਤ ਹੈ ਤਾਂ। (ਮੋਹਨ ਆਉਂਦਾ ਹੈ)

ਮੋਹਨ : ਮੈਂ ਉਹਲੇ ਖੜ੍ਹਾ ਸਭ ਕੁੱਝ ਦੇਖ ਰਿਹਾ ਸੀ। ਅਸੀਂ ਬਥੇਰਾ ਲੋਕਾਂ ਨੂੰ ਬੁੱਧੂ ਬਣਾਇਐ ਕਈ ਸਾਲ। ਹੁਣ ਹੋਰ ਜ਼ੁਲਮ ਨਹੀਂ ਮੈਂ ਕਰ ਸਕਦਾ। ਸੱਚ ਹੈ ਅਸੀਂ ਮਹਾਂਪੁਰਸ਼ ਨਹੀਂ ਹਾਂ, ਅਸੀਂ ਕੰਮਚੋਰ ਹਾਂ। (ਰੋ ਪੈਂਦਾ ਹੈ, ਭਾਨ ਸਿੰਘ ਖਿਸਕ ਜਾਂਦਾ ਹੈ)

ਚਰਨ ਸਿੰਘ : ਹਾਂ ਹਾਂ ਲੋਕੋ! ਮਹਾਂਪੁਰਸ਼ ਉਹ ਨੇ ਜੋ ਠਰਦੀਆਂ ਰਾਤਾਂ ਅਤੇ ਕੜਕਦੀ ਧੁੱਪ ਵਿੱਚ ਖੇਤਾਂ ਵਿੱਚ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਅਨਾਜ ਪੈਦਾ ਕਰਦੇ ਨੇ। ਮਹਾਂਪੁਰਸ਼ ਉਹ ਨੇ ਜੋ ਸੜਕਾਂ ਬਣਾਉਂਦੇ ਹੋਏ ਆਪਣੇ ਪਸੀਨੇ ਦੀ ਆਖਰੀ ਬੂੰਦ ਸੜਕਾਂ ਤੇ ਵਹਾ ਦਿੰਦੇ ਨੇ। ਮਹਾਂਪੁਰਸ਼ ਉਹ ਨੇ ਜਿਨ੍ਹਾਂ ਲੋਕਾਂ ਨੇ ਬਿਮਾਰੀਆਂ ਦਾ ਇਲਾਜ ਲੱਭਦੇ ਹੋਏ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ। ਸਾਡੇ ਵਰਗੇ ਵਿਹਲੜ ਮਹਾਂਪੁਰਸ਼ ਕਿਵੇਂ ਹੋ ਸਕਦੇ ਨੇ? ਮੈਂ ਮਹਾਂਪੁਰਸ਼ ਨਹੀਂ ਹਾਂ, ਮੈਂ ਮਹਾਂਪੁਰਸ਼ ਨਹੀਂ ਹਾਂ।

ਪਿੱਛੋਂ ਗੀਤ ਦੀ

ਆਵਾਜ਼ : ਇਹ ਮਹਾਂਪੁਰਸ਼ ਨਹੀਂ ਹਨ, ਸੋਚ ਵਿਚਾਰ ਪਛਾਣੀਂ।

ਪੜ੍ਹ ਕਿਤਾਬਾਂ ਖੋਜ ਭਰੀਆਂ, ਬਣ ਜਾ ਸਮੇਂ ਦਾ ਹਾਣੀ।

(ਹਨੇਰਾ ਹੋ ਜਾਂਦਾ ਹੈ)



# ਗ੍ਰਹਿਸਤ ਦਾ ਗੱਡਾ

**ਪਾਤਰ**

ਬਿੱਟੂ : ਇੱਕ ਵਿਦਿਆਰਥੀ, ਉਮਰ 20 ਸਾਲ

ਬੱਗਾ ਸਿੰਘ : ਬਿੱਟੂ ਦਾ ਪਿਤਾ, 52 ਸਾਲ

ਨਿੰਦਰ ਕੌਰ : ਬੱਗਾ ਸਿੰਘ ਦੀ ਪਤਨੀ, 50 ਸਾਲ

ਬਾਪੂ : ਬੱਗਾ ਸਿੰਘ ਦਾ ਪਿਤਾ, ਲਗਭਗ 80 ਸਾਲ

ਕਾਲੂ : ਇੱਕ ਸ਼ਰਾਬੀ

ਨੇਤਾ

ਸਕੱਤਰ

ਨੌਕਰ

ਹਸਪਤਾਲ 'ਚ ਸੇਵਾਦਾਰ

ਡਾਕਟਰ

ਬੱਗਾ ਸਿੰਘ ਦਾ ਜਵਾਈ

ਸਿਆਣਾ

# ਗ੍ਰਹਿਸਤ ਦਾ ਗੱਡਾ

(ਸਟੇਜ ਨੂੰ ਰੋਸ਼ਨੀਆਂ ਰਾਹੀਂ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ, ਰੋਸ਼ਨੀ ਪਹਿਲੇ ਭਾਗ ਤੇ ਪੈਂਦੀ ਹੈ, ਬੱਗਾ ਸਿੰਘ ਦਾ ਪੁੱਤਰ ਬਿੱਟੂ ਹਰਮੋਨੀਅਮ ਤੇ ਗੀਤ ਗਾਉਣ ਦਾ ਅਭਿਆਸ ਕਰ ਰਿਹਾ ਹੈ)

ਬਿੱਟੂ : (ਗਾਉਂਦਾ ਹੋਇਆ) ਮੈਨੂੰ ਮੁੰਦਰੀ ਦੇ ਜਾ ਮਾਹੀਆ ਵੇ, ਮਾਹੀਆ ਵੇ ਢੋਲ ਸਿਪਾਹੀਆ ਵੇ। ਮੈਨੂੰ ਮੁੰਦਰੀ........

ਨਿੰਦਰ ਕੌਰ : ਪੁੱਤਰ, ਰੰਗ ਨਹੀਂ ਬੱਝਦਾ ਪਿਆ ਅੱਜ ਤੇਰੇ ਗੌਣ ਵਿੱਚ। ਤੇਰਾ ਚਿੱਤ ਨਹੀਂ ਕਰਦਾ ਗੌਣ ਤੇ?

ਬਿੱਟੂ : ਕਿਉਂ ਨਹੀਂ ਕਰਦਾ ਮੰਮੀ। ਮੈਂ ਤਾਂ ਹਰ ਸਮੇਂ ਗਾਉਣ 'ਚ ਮਸਤ ਰਹਿੰਦਾਂ।

ਨਿੰਦਰ ਕੌਰ : ਫਿਰ ਤੇਰੀ ਵਾਜ ਨੂੰ ਕੀਹਦੀ ਨਜ਼ਰ ਲੱਗ ਗਈ?

ਬੱਗਾ ਸਿੰਘ : ਮੰਗਿਆਈ ਦੀ।

ਨਿੰਦਰ ਕੌਰ : ਮੰਗਿਆਈ ਦੀ?

ਬੱਗਾ ਸਿੰਘ : ਰਾਤ ਰੱਜ ਕੇ ਰੋਟੀ ਨਾ ਮਿਲੀ ਖਾਣ ਨੂੰ ਵਿਚਾਰੇ ਨੂੰ।

ਨਿੰਦਰ ਕੌਰ : ਡਰੰਮੀ ਚੋਂ ਆਟਾ ਈ ਮੁੱਕ ਗਿਆ ਏ, ਅੱਜ ਆਟੇ ਦਾ ਕਰੋ ਕੋਈ ਪ੍ਰਬੰਧ।

ਬੱਗਾ ਸਿੰਘ : (ਡੂੰਘਾ ਸਾਹ ਲੈ ਕੇ) ਉਹ ਤਾਂ ਕਰਾਂਗੇ ਹੀ। ਭਾਨੇ ਸ਼ਾਹ ਕੋਲ ਜਾ ਕੇ ਤਰਲਾ ਮਾਰਦੇ ਆਂ- ਬਈ ਕਵਿੰਟਲ ਕਣਕ ਦੇ ਦੇ ਉਧਾਰ।

ਨਿੰਦਰ ਕੌਰ : ਅਗਲਾ ਕਵਿੰਟਲ ਦੀ ਥਾਂ ਡੇਢ ਕਵਿੰਟਲ ਧਰਾਏਗਾ ਫਸਲ ਆਉਣ ਤੇ।

ਬੱਗਾ ਸਿੰਘ : ਲੋੜ ਵੀ ਤਾਂ ਉਹਨੇ ਈ ਪੂਰੀ ਕਰਨੀ ਏ। ਬਿੱਟੂ ਰੱਜ ਕੇ ਰੋਟੀ ਖਾਏਗਾ, ਤਾਂ ਹੀ ਗਾਏਗਾ। ਖਾਲੀ ਪੇਟ ਖੜਕੌਣ ਨਾਲ ਫਸਟ ਕਿਵੇਂ ਆਏਗਾ।

ਬਿੱਟੂ : ਡੈਡੀ, ਦੁੱਧ ਮਿਲ ਸਕਦੈ ਗਲਾਸੀ ਕੁ?

ਬੱਗਾ ਸਿੰਘ : (ਉਦਾਸੀ ਵਿੱਚ) ਦੁੱਧ? ਉਹ ਵੀ ਵਕਤ ਸੀ ਜਦ ਬੂਰੀਆਂ ਚੁੰਘਦੇ ਸੀ, ਲੱਸੀ ਦੇ ਛੰਨੇ ਭਰ ਭਰ ਪੀਂਦੇ ਸੀ। ਰੱਬਾ! ਅੱਜ ਮੁੰਡੇ ਨੇ ਗਲਾਸੀ ਦੁੱਧ ਮੰਗਿਆ ਏ, ਇਹ ਵੀ ਟੀਸੀ ਦਾ ਬੇਰ ਤੋੜਣ ਵਾਲੀ ਹਾਲਤ ਬਣੀ ਏ।

ਪਿਛੋਂ ਗੀਤ : ਭੁੱਖੇ ਪੇਟ ਸੁੱਤੇ ਧਰਤੀ ਤੇ, ਕਰਦੇ ਹਾਏ ਹਾਏ।
ਰੋਟੀ ਕਦੇ ਨਾ ਮਿਲੀ ਰੱਜ ਕੇ, ਕਿੰਨੇ ਹੱਥ ਅਜਮਾਏ।
ਸੌ ਸੌ ਪਾਪੜ ਵੇਲੇ ਫਿਰ ਵੀ, ਭੁੱਖੇ ਪੇਟ ਖੜਕਾਏ।
ਮਹਿੰਗਾਈ ਦੀ ਮਾਰ ਹੇਠ, ਆਏ ਧਰਤੀ ਦੇ ਜਾਏ।

ਨਿੰਦਰ ਕੌਰ : ਸੋਚੀਂ ਪੈ ਗਏ? ਮੁੰਡੇ ਨੇ ਘੁੱਟ ਦੁੱਧ ਮੰਗਿਐ, ਗੁਆਂਢੀਆਂ ਕੋਲੋਂ ਲੈ ਆਉ। ਗੁਆਂਢੀ ਇੰਨੇ ਤਾਂ ਨਹੀਂ ਮਾੜੇ ਕਿ ਗਲਾਸੀ ਦੁੱਧ ਵੀ ਨਾ ਦੇਣਗੇ (ਬੱਗਾ ਸਿੰਘ ਅੰਦਰ ਜਾਂਦਾ ਹੈ) ਕਿਧਰ ਗਿਐ? (ਬੱਗਾ ਸਿੰਘ ਦੇ ਹੱਥ ਵਿੱਚ ਬਾਲਟੀ ਫੜੀ ਵੇਖ ਕੇ) ਬਾਲਟੀ ਐਂ ਫੜੀ ਏ ਜਿਵੇਂ ਕੁੰਢੇ ਸਿੰਗਾਂ ਵਾਲੀ ਮੱਝ ਡਿੰਗਦੀ ਪਈ ਏ ਧਾਰ ਕੱਢ ਲਉ।

ਬੱਗਾ ਸਿੰਘ : ਕੁੰਢੇ ਸਿੰਗਾਂ ਵਾਲੀ ਮੱਝ ਕਦੇ ਕਦੇ ਸੁਫਨੇ 'ਚ ਆਉਂਦੀ ਏ। ਦੁੱਧ ਦਾ ਬਾਲਟਾ ਭਰ ਜਾਂਦਾ ਸੀ। ਪਰ ਹੁਣ ਮੱਝ ਮੁੱਲ ਲੈਣੀ.... ਓਹੋ....ਸੁਫਨਾ ਈ ਬਣ ਗਈ ਕੁੰਢੀ ਮੱਝ.... ਪਰ ਅੱਜ ਜੋ ਮਰਜੀ ਕਰਾਂ, ਦੁੱਧ ਦਾ ਦਰਿਆ ਵਹਾ ਦਿਆਂਗਾ।

(ਬੱਗਾ ਸਿੰਘ ਤੇਜ਼ ਤੇਜ਼ ਕਦਮੀਂ ਚਲੇ ਜਾਂਦਾ ਹੈ)

ਨਿੰਦਰ ਕੌਰ : ਪਤਾ ਨਹੀਂ ਕਿਧਰ ਗਿਐ? ਪੁੱਤਰ ਬਿੱਟੂ, ਤੂੰ ਗਾ। ਰੱਬ ਭਲੀ ਕਰੇ, ਫਸਟ ਆਏਗਾ, ਲਿਸ਼ਕਦੀ ਟਰਾਫੀ ਲਿਆਏਗਾ, ਮਾਂ ਦੇ ਪੈਰ ਨਹੀਂ ਲਗਣੇ ਜ਼ਮੀਨ ਤੇ। ਗਾ, ਬੇਟੇ ਗਾ।

ਬਿੱਟੂ : (ਗਾਉਂਦਾ ਹੋਇਆ) ਇਹ ਮੇਰੀ ਮੁੰਦਰੀ ਹੱਟੀਆਂ ਕੱਟੀਆਂ, ਲੰਮੀ ਵੱਟ ਤੇ ਜਾਂਦੀਆਂ ਜੱਟੀਆਂ। ਸਿਰਾਂ ਤੇ ਗਾਗਰ ਢਾਹੀਆ ਵੇ, ਮੈਨੂੰ ਮੁੰਦਰੀ ਦੇ ਜਾ.... (ਰੁੱਕ ਜਾਂਦਾ ਹੈ)

ਨਿੰਦਰ ਕੌਰ : ਰੁੱਕ ਗਿਐਂ?

ਬਿੱਟੂ : ਗਾਉਣ ਨਹੀਂ ਹੁੰਦਾ। ਭੁੱਖੇ ਪੇਟ.... (ਬੱਗਾ ਸਿੰਘ ਆਉਂਦਾ ਹੈ)

ਨਿੰਦਰ ਕੌਰ : ਲੈ ਆਏ ਦੁੱਧ?

ਬੱਗਾ ਸਿੰਘ : ਬਿੱਟੂ ਬੇਟੇ, ਰੱਜ ਕੇ ਪੀ। ਖੁੱਲ ਕੇ ਗਾ, ਧੂੜਾਂ ਪੁੱਟ ਦੇ। ਰਿਕਾਰਡ ਤੋੜ ਦੇ ਅਗਲੇ ਪਿਛਲੇ।

ਨਿੰਦਰ ਕੌਰ : ਦੁੱਧ ਕਿਥੋਂ ਲਿਆਂਦਾ ਏ?

ਬੱਗਾ ਸਿੰਘ : ਪੁੱਛ ਨਾ, ਤੂੰ ਦੁੱਧ ਪੀ। ਗਿਆ ਸੀ ਉਸ ਹਵੇਲੀ 'ਚ ਜਿਹਦੇ ਮਾਲਕ ਅੱਠ ਵਜੇ ਬਿਸਤਰੇ ਵਿੱਚੋਂ ਬਾਹਰ ਨਿਕਲਦੇ ਨੇ। ਦੋ ਮਿੰਟਾਂ 'ਚ ਧਾਰ ਕੱਢ ਲਿਆਇਆਂ।



ਨਿੰਦਰ ਕੌਰ : ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ?

ਬੱਗਾ ਸਿੰਘ : ਆਉਂਦੀ ਵਾਰ ਕੱਟਾ ਖੋਹਲ ਆਇਆਂ। ਕੁੱਟਣਗੇ ਤਾਂ ਕੱਟੇ ਨੂੰ ਹੀ। ਫੜ ਬਾਲਟੀ ਤੇ ਰੱਖ ਰਸੋਈ 'ਚ। ਰਸੋਈ ਦੀ ਵੀ ਅੱਜ ਟੌਹਰ ਬਣ ਜੇਗੀ।

ਨਿੰਦਰ ਕੌਰ : ਪਰ ਆਹ ਕੰਮ ਚੰਗਾ ਨਹੀਂ ਕੀਤਾ। ਲੋਕ ਸਵੇਰੇ ਸਵੇਰੇ ਪਾਠ ਕਰਦੇ ਨੇ, ਤੁਸੀਂ ਕਿਹੜਾ ਕੰਮ ਕਰ ਆਏ।

ਬੱਗਾ ਸਿੰਘ : ਜੋ ਕੀਤੈ, ਸੋਚ ਸਮਝ ਕੇ ਠੀਕ ਕੀਤੈ।

ਨਿੰਦਰ ਕੌਰ : ਅਗਲੇ ਸੌ ਬਦਦੁਆਵਾਂ ਦੇਣਗੇ ਸਵੇਰੇ ਸਵੇਰੇ। ਮੇਰਾ ਚੰਦਰਾ ਸਿਰ ਤਾਂ ਪਹਿਲਾਂ ਈ ਘੁੰਮੀ ਜਾਂਦੈ।

ਬੱਗਾ ਸਿੰਘ : ਪਹਿਲਾਂ ਜਦ ਉਹ ਹਵੇਲੀ ਵਾਲੇ ਸਾਡੀਆਂ ਮੱਝਾਂ ਦੀਆਂ ਚੋਰੀ ਧਾਰਾਂ ਕੱਢ ਲੈਂਦੇ ਸੀ, ਕੋਈ ਬਦ ਦੁਆ ਨਾ ਲੱਗੀ ਉਹਨਾਂ ਨੂੰ। ਅੱਜ ਪਏ ਚੋਰਾਂ ਨੂੰ ਮੋਰ। ਤੂੰ ਚਾਹ ਬਣਾ ਦੇ ਮਿੰਟੋ ਮਿੰਟੀ।

ਨਿੰਦਰ ਕੌਰ : ਕਾਹਦੇ ਨਾਲ ਬਣਾਵਾਂ? ਪੱਤੀ ਮੁੱਕੀ ਪਈ ਏ।

ਬੱਗਾ ਸਿੰਘ : ਓਹੋ ਸਰੀਰ ਟੁੱਟਦਾ ਪਿਐ। ਚਾਹ ਦੀਆਂ ਚਾਰ ਚੁਸਕੀਆਂ ਭਰ ਲੈਂਦੇ ਤਾਂ ਹੱਡ ਜਰਾ ਗਰਮ ਹੋ ਜਾਂਦੇ। ਡੱਬਾ ਵੇਖ, ਸ਼ੈਦ ਝਾੜ ਝੂੜ ਕੇ ਚਮਚਾ ਨਿਕਲ ਈ ਆਵੇ।

ਨਿੰਦਰ ਕੌਰ : ਪੱਤੀ ਵਾਲਾ ਡੱਬਾ ਤਾਂ ਰਾਤ ਦਾ ਈ ਸਾਫ ਹੋਇਆ ਪਿਐ।

ਬੱਗਾ ਸਿੰਘ : ਵੇਖ ਲਾਗੇ ਕਿਸੇ ਅਖੰਡ ਪਾਠ ਤਾਂ ਨਹੀਂ ਰੱਖਿਆ?

ਨਿੰਦਰ ਕੌਰ : ਅੱਜ ਅਖੰਡ ਪਾਠ ਦਾ ਬੜਾ ਖਿਆਲ ਆਇਐ?

ਬੱਗਾ ਸਿੰਘ : ਅਖੰਡ ਪਾਠ ਵਾਲੇ ਘਰ ਮੱਥਾ ਟੇਕਣ ਗਿਆ ਤਾਂ ਚਾਹ ਤਾਂ ਮਿਲ ਹੀ ਜਾਵੇਗੀ, ਨਾਲੇ ਪੁੰਨ ਨਾਲੇ ਫਲੀਆਂ।

ਨਿੰਦਰ ਕੌਰ : ਲਾਲਚ ਪਿੱਛੇ ਪਾਠ ਸੁਨਣ ਦਾ ਕੀ ਫਾਇਦਾ? ਨੀਅਤ ਠੀਕ ਹੋਣੀ ਚਾਹੀਦੀ ਏ।

ਬੱਗਾ ਸਿੰਘ : ਚਾਹ ਦਾ ਪਿਆਲਾ ਪੀਤਿਆਂ ਨੀਅਤ ਆਪੇ ਠੀਕ ਹੋ ਜਾਏਗੀ। ਨਿੰਦਰ ਕੌਰੇ, ਤੂੰ ਸਾਰੀ ਉਮਰ ਗੁਰਦੁਆਰੇ ਮੱਥਾ ਰਗੜਦੀ ਰਹੀ ਏਂ, ਇੱਕ ਲਾਈਨ ਦੀ ਸਮਝ ਹੈ ਤੈਨੂੰ ਗੁਰਬਾਣੀ ਦੀ?

ਨਿੰਦਰ ਕੌਰ : (ਗੁੱਸੇ ਵਿੱਚ) ਮੈਂ ਸਮਝਾਂ ਭਾਵੇਂ ਨਾ। ਐਵੇਂ ਬਾਂ ਬਾਂ ਕਰਨ ਲੱਗ ਪਿਐਂ।

ਬੱਗਾ ਸਿੰਘ : ਮੈਨੂੰ ਕੀ, ਗੁਰਦੁਆਰੇ ਬਹਿ ਕੇ ਸਿਰ ਹਿਲਾਈ ਜਾਇਆ ਕਰ ਅੱਖਾਂ ਮੀਟ ਕੇ।

ਨਿੰਦਰ ਕੌਰ : ਬੋਲੀ ਜਾ.....

ਬੱਗਾ ਸਿੰਘ : ਬੋਲਣ ਕਿੱਥੇ ਹੁੰਦੈ। ਸੈੱਲ ਡਾਊਨ ਹੋਏ ਪਏ ਨੇ। ਇੱਦਾਂ ਕਰ, ਢਾਰੇ ਵਿੱਚ ਬਾਪੂ ਲੇਟਿਆ ਪਿਐ, ਦੁੱਧ ਦਾ ਗਲਾਸ ਦੇ ਆ ਗਰਮ ਕਰਕੇ।

ਨਿੱਦਰ ਕੌਰ : ਅੱਜ ਬਾਪੂ ਹੋਰੀ ਦੁੱਧ ਵੇਖ ਕੇ ਖੁਸ਼ ਹੋ ਜਾਣਗੇ। ਬਾਪੂ ਦੀ ਸਿਹਤ ਰਹਿੰਦੀ ਜਾ ਰਹੀ ਏ।

ਬੱਗਾ ਸਿੰਘ : ਅੱਸੀਆਂ ਦੇ ਨੇੜੇ ਪਹੁੰਚ ਚੱਲਿਐ। ਅਜੇ ਵੀ ਕਹਿੰਦੈ-ਕਲ੍ਹ ਦੀਆਂ ਗੱਲਾਂ ਨੇ, ਕੀ ਵੇਖਿਐ ਜ਼ਿੰਦਗੀ ਵਿੱਚ। (ਬਾਪੂ ਆਉਂਦਾ ਹੈ)

ਬਾਪੂ : ਬੱਗਿਆ, ਭੁੱਖ ਬੜੀ ਲੱਗੀ ਏ। ਢਿੱਡ ਵਿੱਚ ਚੂਹੇ ਦੌੜਦੇ ਪਏ ਨੇ।

ਨਿੰਦਰ ਕੌਰ : ਬਾਪੂ ਜੀ, ਲਾਹੁਣੀ ਆਂ ਰੋਟੀ। ਥੋੜਾ ਆਟਾ ਉਧਾਰ ਲੈ ਕੇ ਆਈ ਗੁਆਂਢੀਆਂ ਤੋਂ। (ਨਿੰਦਰ ਕੌਰ ਚਲੇ ਜਾਂਦੀ ਹੈ)

ਬਾਪੂ : ਅੱਜ ਮਾਂਹ ਛੋਲਿਆਂ ਦੀ ਦਾਲ ਬਣਾ ਲਉ। ਤੜਕਾ ਵੀ ਲਾਇਓ....

ਬੱਗਾ ਸਿੰਘ : ਬਾਪੂ, ਤੜਕੇ ਦਾ ਨੁਕਸਾਨ ਈ ਨੁਕਸਾਨ ਏ। ਘਿਉ ਨਕਲੀ ਆ ਰਹੇ ਨੇ ਨਿਰੀ ਮਿਲਾਵਟ। ਤੇਲ ਵਿੱਚ ਗਰੀਸ ਰਲੀ ਹੁੰਦੀ ਏ।

ਬਾਪੂ : ਕੋਈ ਨਹੀਂ ਤੁਸੀਂ ਲਾਓ ਤੜਕਾ, ਘੜੀ ਨਾੜਾਂ ਈ ਤਰ ਹੋ ਜਾਣ। ਪੀ ਜਾਵਾਂਗਾ ਦਾਲ ਅੱਖਾਂ ਮੀਟ ਕੇ।

ਬੱਗਾ ਸਿੰਘ : ਮਿਲਾਵਟ ਵਾਲੀ ਦਾਲ ਖਾ ਕੇ ਹੋਰ ਬਿਮਾਰ ਹੋ ਜਾਵੇਂਗਾ।

ਬਾਪੂ : ਕੋਈ ਮੰਨ ਵੀ ਲਿਆ ਕਰ। ਨਾ ਲਾਈਂ ਮੇਰੇ ਮਰਨ ਤੇ ਮੇਰੇ ਮੂੰਹ ਨੂੰ ਮੱਖਣ। ਸਾਰੀ ਰਾਤ ਪਾਸੇ ਮਾਰਦਿਆਂ ਲੰਘ ਗਈ।

ਬੱਗਾ ਸਿੰਘ : ਬਾਪੂ, ਸਿਹਤ ਠੀਕ ਨਹੀਂ?

ਬਾਪੂ : ਹੁਣ ਕਿਹੜਾ ਜਵਾਨੀ ਦੇ ਘੋੜੇ ਤੇ ਚੜਨੈਂ। ਅੰਤਾਂ ਦੀ ਮੰਗਿਆਈ ਏ। (ਭਾਵਕ ਹੋ ਕੇ) ਚੰਗਾ ਹੋਇਆ ਤੇਰੀ ਮਾਂ ਚਲੀ ਗਈ, ਨਹੀਂ ਤਾਂ ਭੁੱਖੀ ਮਰ ਜਾਂਦੀ....

ਪਿੱਛੋਂ ਗੀਤ : ਬੱਲੀਏ ਨੀ ਸੋਹਣੀਏ, ਆਟਾ ਮੁੱਕਿਆ ਪੜੌਲੀ ਹੋ ਗਈ ਸੱਖਣੀ ਤੇ ਕਿੱਥੋਂ ਮੈਂ ਪਕਾਵਾਂ ਰੋਟੀਆਂ।

ਬਾਪੂ : ਤੇਰੀ ਮਾਂ ਇਹ ਗੀਤ ਗਾਉਂਦੀ ਹੁੰਦੀ ਸੀ (ਨਿੰਦਰ ਕੌਰ ਆਉਂਦੀ ਹੈ)

ਨਿੰਦਰ ਕੌਰ : ਮੈਂ ਆਟਾ ਗੁੰਨ ਲਵਾਂ, ਤੁਸੀਂ ਗੰਢੇ ਲੈ ਆਓ।

ਬੱਗਾ ਸਿੰਘ : ਗੰਢਿਆਂ ਤੋਂ ਬਿਨਾਂ ਨਹੀਂ ਬਣ ਸਕਦੀ ਦਾਲ?

ਨਿੰਦਰ ਕੌਰ : ਦਾਲ ਸਵਾਦ ਬਣ ਜਾਵੇਗੀ, ਮੁੰਡੇ ਨੇ ਗੌਣ ਵਾਸਤੇ ਜਾਣੈਂ ਤੇ ਨਾਲੇ ਬਾਪੂ ਦੇ ਮੂੰਹ ਤੇ ਵੀ ਜ਼ਰਾ ਰੌਣਕ ਆ ਜਾਏਗੀ।



ਬੱਗਾ ਸਿੰਘ : ਗੰਢੇ ਚੜ੍ਹੀ ਜਾਂਦੇ ਨੇ, ਤੀਹ ਰੁਪਏ ਕਿਲੋ ਹੋ ਗਏ ਨੇ। (ਰੋਣਹਾਕੀ ਆਵਾਜ਼ ਵਿੱਚ) ਕਿਥੋਂ ਲਿਆਵਾਂ?

ਨਿੰਦਰ ਕੌਰ : ਰੋਣ ਲੱਗ ਪਏ ਹੋ?

ਬੱਗਾ ਸਿੰਘ : ਆਹੋ, ਗੰਢੇ ਅੱਖਾਂ 'ਚੋਂ ਅਥਰੂ ਕੱਢ ਦਿੰਦੇ ਨੇ।

ਨਿੰਦਰ ਕੌਰ : ਪਰ ਤੁਸੀਂ ਤਾਂ ਅਥਰੂਆਂ ਤੋਂ ਬਿਨਾਂ ਈ ਰੋਈ ਜਾਂਦੇ ਹੋ?

ਬੱਗਾ ਸਿੰਘ : ਅਥਰੂ ਮੁੱਕ ਗਏ ਨੇ, ਅਥਰੂ ਸੁੱਕ ਗਏ ਨੇ।

ਨਿੰਦਰ ਕੌਰ : ਕਿਵੇਂ?

ਬੱਗਾ ਸਿੰਘ : ਮਾਰ ਗਈ ਮੰਗਿਆਈ।

ਪਿੱਛੋਂ ਗੀਤ : ਮਹਿੰਗਾਈ ਚੜੀ ਅਰਸ਼ ਤੇ, ਬੰਦਾ ਡਿੱਗਾ ਫਰਸ਼ ਤੇ।
ਰੋਟੀ ਨੂੰ ਤਰਸਦੈ, ਕੈਸੀ ਰੁੱਤ ਆਈ ਹੈ।
ਮਹਿੰਗਾਈ ਹੈ, ਮਹਿੰਗਾਈ ਹੈ, ਸਭ ਦੀ ਸ਼ਾਮਤ ਆਈ ਹੈ।

ਬਾਪੂ : (ਬੱਗਾ ਸਿੰਘ ਨੂੰ) ਪੁੱਤਰਾ, ਭੁੱਖ ਇੰਨੀ ਲੱਗੀ ਏ ਕਿ ਮੈਨੂੰ ਆਪਣੀ ਵੱਖੀ ਦਾ ਦਰਦ ਭੁੱਲ ਗਿਐ। ਸਾਰੀ ਰਾਤ ਗੌਣ ਦੀ ਵਾਜ ਆਉਂਦੀ ਰਹੀ ਕਿਤੇ ਨੇੜਿਓਂ ਹੀ....

ਬੱਗਾ ਸਿੰਘ : ਬਾਪੂ, ਪੰਡਤਾਂ ਦੇ ਘਰ ਜਗਰਾਤਾ ਸੀ।

ਬਾਪੂ : ਬੜੀ ਕੁੱਟੀ ਢੋਲਕੀ ਉਹਨਾਂ। ਢੋਲਕੀ ਦੀ ਸੱਟ ਸਿੱਧੀ ਮੇਰੇ ਭੁੱਖੇ ਢਿੱਡ ਤੇ ਵੱਜਦੀ ਰਹੀ।

ਬੱਗਾ ਸਿੰਘ : ਖਾਣ ਪੀਣ ਦਾ ਕਰਦਾਂ ਕੋਈ ਹੀਲਾ ਵਸੀਲਾ। ਅੱਸੀ ਰੁਪਏ ਹੈਨ ਮੇਰੇ ਕੋਲ। (ਬਾਪੂ ਅਤੇ ਨਿੰਦਰ ਕੌਰ ਅੰਦਰ ਚਲੇ ਜਾਂਦੇ ਹਨ, ਤਦ ਕਾਲੂ ਸ਼ਰਾਬੀ ਅੰਦਰ ਆ ਜਾਂਦਾ ਹੈ)

ਕਾਲੂ : (ਆਪਣੇ ਆਪ ਵਿੱਚ) ਇੱਕ, ਦੋ, ਤਿੰਨ, ਚਾਰ। ਪੂਰੇ ਹੋਏ ਚਾਲੀ, ਤੇ ਪਾਈਆ 'ਚ ਕਸਰ ਰਹਿ ਗਈ ਦਸ ਦੇ ਨੋਟ ਦੀ। ਭਾਅ ਬੱਗਾ ਸਿੰਹਾਂ, ਸਵੇਰ ਦੇ ਅੱਠ ਵੱਜ ਗਏ, ਲੋਕ ਰਜਾਈਆਂ ਚੋਂ ਬਾਹਰ ਨਹੀਂ ਨਿਕਲਦੇ ਤੇ ਉਧਰ ਠੇਕਾ ਸਵੇਰੇ ਛੇ ਵਜੇ ਦਾ ਖੁੱਲ ਗਿਐ। ਬੜੇ ਜਰੂਰੀ ਕੰਮ ਆਇਆਂ.....

ਬੱਗਾ ਸਿੰਘ : ਮੇਰੇ ਪਾਸ ਟੈਮ ਨਹੀਂ, ਸੌਦਾ ਲੈਣ ਚਲਿਆਂ।

ਕਾਲੂ : ਇੱਕ ਮਿੰਟ ਸੁਣ ਤਾਂ ਜਰਾ.... ਸੌਦਾ ਕਿਹੜਾ ਵਲੈਤੋਂ ਮਿਲਣੈਂ। ਇੱਕ ਨੋਟ ਕੱਢ ਦਸ ਦਾ, ਸਰੀਰ ਟੁੱਟਦਾ ਪਿਐ।

ਬੱਗਾ ਸਿੰਘ : ਤੈਨੂੰ ਸ਼ਰਾਬ ਪੀਣ ਦੀ ਪਈ ਏ? ਲੋਕਾਂ ਨੂੰ ਦਾਲ ਰੋਟੀ ਨਹੀਂ ਜੁੜਦੀ।

ਕਾਲੂ : ਦਾਲ ਨਾਲੋਂ ਸ਼ਰਾਬ ਸਸਤੀ ਏ, ਤਾਹਿਓਂ ਦਾਲ ਦੀ ਥਾਂ ਸ਼ਰਾਬ ਪੀਨਾ ਵਾਂ। ਤੂੰ ਦਸ ਰੁਪਏ ਕੱਢ ਤੇ ਕਰਦੇ ਮੇਰਾ ਮੂੰਹ ਕਾਲਾ।

ਬੱਗਾ ਸਿੰਘ : ਮੇਰੇ ਕੋਲ ਦਸ ਨਹੀਂ ਹੈਗੇ ਟੁੱਟੇ।

ਕਾਲੂ : ਆਹ ਜੇਬ ਵਿਖਾ।

ਬੱਗਾ ਸਿੰਘ : ਨਾ ਵਿਖਾਵਾਂਗਾ ਤਾਂ ਚਲਾਨ ਕੱਟ ਦੇਵੇਂਗਾ ਮੇਰਾ?

ਕਾਲੂ : ਯਾਰ ਕਾਹਨੂੰ ਜੁੱਤੀਆਂ ਮਾਰੀ ਜਾਨੈਂ। ਤੇਰੇ ਦਸਾਂ ਪਿੱਛੇ ਮੇਰੀ ਜਾਨ ਬਚਦੀ ਹੋਵੇ ਤਾਂ ਹੋਰ ਕੀ ਚਾਹੀਦੈ?

ਬੱਗਾ ਸਿੰਘ : ਜੇ ਨਾ ਪੀਵੇਂਗਾ ਤਾਂ?

ਕਾਲੂ : ਯਾਰ ਖੋਈ ਪੈਂਦੀ ਪਈ ਏ, ਬਚਾ ਲੈ ਯਾਰ। (ਹੱਥ ਜੋੜਦਾ ਹੋਇਆ) ਆਹ ਹੱਥਾਂ ਵੱਲ ਵੇਖ, ਗੋਡੀਂ ਹੱਥ ਲਵਾ ਲੈ। (ਗੋਡੇ ਫੜ੍ਹ ਲੈਂਦਾ ਹੈ)

ਬੱਗਾ ਸਿੰਘ : ਗੋਡੇ ਛੱਡ ਮੇਰੇ.... ਆਹ ਫੜ ਦਸ ਰੁਪਏ। ਤੂੰ ਤਾਂ ਸਾਡੇ ਤੋਂ ਵੀ ਗਿਆ ਗੁਜਰਿਆ ਏਂ। ਕਿਹੜੀ ਪੀਵੇਂਗਾ?

ਕਾਲੂ : ਹੀਰ।

ਬੱਗਾ ਸਿੰਘ : (ਹੈਰਾਨੀ ਵਿੱਚ) ਹੀਰ? ਇਹ ਕਿਹੜੀ ਸ਼ਰਾਬ ਹੋਈ?

ਕਾਲੂ : ਜਿਹੜੀ ਮਰਜੀ ਹੋਏ, ਘੜੀ ਸਿਰ ਨੂੰ ਗੇੜਾ ਈ ਦੇਣਾ ਏ।

ਬੱਗਾ ਸਿੰਘ : ਸੁੱਕੀ ਨਾ ਪੀਆ ਕਰ।

ਕਾਲੂ : ਦਸ ਰੁਪਏ ਦੇ ਕੇ ਲੈਕਚਰ ਝਾੜਣ ਲੱਗ ਪਿਐਂ। ਮੇਰੇ ਪਾਸ ਟੈਮ ਨਹੀਂ ਲੈਕਚਰ ਸੁਨਣ ਦਾ, ਮੈਂ ਬਹੁਤ ਬੀਜ਼ੀ ਆਂ ਐਸ ਟੈਮ (ਗਾਉਂਦਾ ਹੋਇਆ) ਤੈਨੂੰ ਪੀਣਗੇ ਨਸੀਬਾਂ ਵਾਲੇ, ਨਸ਼ੇ ਦੀਏ ਬੰਦ ਬੋਤਲੇ (ਜਾਂਦਾ ਹੈ)

ਬੱਗਾ ਸਿੰਘ : ਦਸ ਰੁਪਏ ਲੈ ਗਿਐ ਜੂਠ ਜਮਾਨੇ ਦੀ। ਕਰਿਆਨੇ ਦੀ ਦੁਕਾਨ ਤੇ ਜਾ ਕੇ ਵੇਖਦੇ ਆਂ ਕੀ ਆਉਂਦੈ ਇਹਨਾਂ ਸੱਤਰਾਂ ਵਿੱਚ।

(ਰੋਸ਼ਨੀ ਬੁੱਝ ਕੇ ਸਟੇਜ ਦੇ ਭਾਗ ਨੰ: ਦੋ ਤੇ ਜਗਦੀ ਹੈ, ਕਰਿਆਨੇ ਦੀ ਦੁਕਾਨ ਦਾ ਦ੍ਰਿਸ਼ ਵਿਖਾਈ ਦਿੰਦਾ ਹੈ)

ਨੌਕਰ : ਆ ਜਾਓ ਸਰਦਾਰ ਜੀ।

ਬੱਗਾ ਸਿੰਘ : ਕਾਹਦੇ ਸਰਦਾਰ ਆਂ....

ਨੌਕਰ : ਜੋ ਵੀ ਹੈ ਓ ਠੀਕ ਏ, ਕੀ ਲੈਨੈਂ?

ਬੱਗਾ ਸਿੰਘ : ਦਸਦੇ ਆਂ, ਜਰਾ ਸਾਹ ਤਾਂ ਲੈ।



ਨੌਕਰ : (ਸਾਹ ਲੈਂਦਾ ਹੋਇਆ) ਆਹ ਲੈ ਲਿਆ ਸਾਹ, ਹੁਣ ਬੋਲ ਜਲਦੀ..... ਅੱਜ ਤਾਂ ਗਾਹਕ ਤੇ ਗਾਹਕ ਵੱਜਦਾ ਪਿਐ।

ਬੱਗਾ ਸਿੰਘ : ਮੂੰਗੀ ਕਿਵੇਂ?

ਨੌਕਰ : ਸ਼ੁੱਧ ਧੋਤੀ ਸੌ ਰੁਪਏ ਕਿਲੋ।

ਬੱਗਾ ਸਿੰਘ : ਹੈਂ?

ਨੌਕਰ : ਕੀ ਹੋਇਐ? ਕਿਤੇ ਡਿੱਗ ਨਾ ਜਾਇਓ।

ਗੀਤ ਦੀ ਆਵਾਜ਼ : ਮੂੰਗੀ ਹੋਈ ਸੌ ਰੁਪਏ ਕਿਲੋ
ਰੇਟ ਸੁਣ ਡਿੱਗ ਪਈ ਬਿੱਲੋ।
ਮਹਿੰਗਾਈ ਦਾ ਮਾਰਿਆ ਬੰਦਾ
ਰੱਬਾ ਇਹ ਕੀ ਗੋਰਖ ਧੰਦਾ
ਮਹਿੰਗਾਈ ਹੈ, ਮਹਿੰਗਾਈ ਹੈ।
ਸਭ ਦੀ ਸ਼ਾਮਤ ਆਈ ਹੈ।

ਬੱਗਾ ਸਿੰਘ : ਮੂੰਗੀ ਨੂੰ ਮਾਰ ਗੋਲੀ, ਘਿਓ ਕਿਵੇਂ?

ਨੌਕਰ : ਸ਼ੁੱਧ ਦੇਸੀ ਤਿੰਨ ਸੌ ਰੁਪਏ ਤੇ ਸ਼ੁਧ ਡਾਲਡਾ ਦੋ ਸੌ ਰੁਪਏ। ਕਿਹੜਾ ਚਾਹੀਦੈ?

ਬੱਗਾ ਸਿੰਘ : ਦੋਵੇਂ ਆਪਣੇ ਕੋਲ ਈ ਰੱਖ।

ਨੌਕਰ : ਕੋਲ ਈ ਪਏ ਨੇ, ਧੱਕੇ ਨਾਲ ਤਾਂ ਨਹੀਂ ਤੇਰੀ ਝੋਲੀ ਸੁੱਟਣ ਲੱਗਾ।

ਬੱਗਾ ਸਿੰਘ : ਗੁੜ ਵਾਲੇ ਚੌਲ ਬਣਾ ਲੈਣੇ ਆਂ ਠੂਠੀ ਪਾ ਕੇ। ਗੁੜ ਕਿਵੇਂ?

ਨੌਕਰ : ਸ਼ੁਧ ਗੁੜ?

ਬੱਗਾ ਸਿੰਘ : ਆਹ ਸਾਲਾ ਸ਼ੁਧ ਸ਼ੁਧ ਕੀ ਬੋਲੀ ਜਾਂਦੈ?

ਨੌਕਰ : ਮਤਲਬ ਗੁੜ ਚਿੱਟਾ ਚਾਹੀਦੈ ਕਿ ਕਾਲਾ?

ਬੱਗਾ ਸਿੰਘ : ਵਧੀਆ ਕਿਹੜਾ ਏ?

ਨੌਕਰ : ਇਹ ਤਾਂ ਗੁੜ ਆਪ ਈ ਬੋਲੇਗਾ ਜਦੋਂ ਖਾਉਗੇ।

ਬੱਗਾ ਸਿੰਘ : ਫਿਰ ਵੀ ਫਰਕ ਕੀ ਏ?

ਨੌਕਰ : ਚਿੱਟਾ ਗੁੜ ਖਾਓਗੇ ਤਾਂ ਅੰਗਰੇਜ਼ ਬਣ ਜਾਓਗੇ। ਕਾਲਾ ਗੁੜ ਖਾਓਗੇ ਤਾਂ ਰੰਗ ਜ਼ਰਾ ਮੁਸ਼ਕੀ ਹੋ ਜਾਏਗਾ। ਪਰ ਦੋਵੇਂ ਗੁੜ ਹੈਨ ਏਕ ਸੇ ਬੜ ਕਰ ਏਕ। ਦੋਵੇਂ ਮਿੱਠੇ ਨੇ ਰੱਜ ਕੇ।

ਬੱਗਾ ਸਿੰਘ : ਰੰਗ ਨੂੰ ਛੱਡੋ। ਅਸੀਂ ਤਾਂ ਸ਼ੀਸ਼ੇ 'ਚ ਮੂੰਹ ਹੀ ਮੱਸਿਆ, ਸੰਗਰਾਂਦ ਤੇ ਵੇਖਣੇ ਆਂ।

ਨੌਕਰ : ਮਤਲਬ ਤੁਸੀਂ ਮਹੀਨੇ 'ਚ ਦੋ ਵਾਰ ਮੱਸਿਆ, ਸੰਗਰਾਂਦ ਤੇ ਹੀ ਨਹਾਉਂਦੇ ਹੋ, ਬੜੀ ਬਚਤ ਕਰਦੇ ਹੋ ਸਾਬਣ ਦੀ।

ਬੱਗਾ ਸਿੰਘ : ਗੁੜ ਦਾ ਰੇਟ ਦੱਸ।

ਨੌਕਰ : ਚਿੱਟਾ ਚਾਲੀ ਰੁਪਏ ਕਿਲੋ, ਕਾਲਾ ਗੁੜ ਸੁੰਡੀਆਂ ਸਮੇਤ ਤੀਹ ਰੁਪਏ ਕਿਲੋ।

ਬੱਗਾ ਸਿੰਘ : ਸੁੰਡੀਆਂ ਵਾਲਾ ਗੁੜ? ਵੇਚਣ ਵਾਲੇ ਨੂੰ ਸ਼ਰਮ ਨਹੀਂ, ਖਾਣ ਵਾਲੇ ਨੂੰ ਤਾਂ ਸ਼ਰਮ ਹੋਣੀ ਚਾਹੀਦੀ ਏ।

ਨੌਕਰ : ਚੌਲ ਬਣ ਗਏ ਤਾਂ ਇੱਕ ਨਹੀਂ ਲੱਭਣੀ ਸੁੰਡੀ। ਸਭ ਮਿਕਸ ਹੋ ਜਾਏਗਾ, ਨਾਲੇ ਜਮਾਨਾ ਵੀ ਮਿਕਸਿੰਗ ਦਾ ਏ, ਮਿਕਸ ਵੈੱਜ, ਮਿਕਸਿੰਗ ਮੂਵੀ।

ਬੱਗਾ ਸਿੰਘ : ਛੋਲਿਆਂ ਦੀ ਦਾਲ ਦਾ ਕੀ ਹਿਸਾਬ ਕਿਤਾਬ ਏ?

ਨੌਕਰ : ਰੇਟ ਈ ਪੁੱਛੀ ਜਾਓਗੇ, ਆਹ ਫੜ੍ਹ ਰੇਟ ਲਿਸਟ (ਰੇਟ ਲਿਸਟ ਦਿੰਦਾ ਹੈ)

ਬੱਗਾ ਸਿੰਘ : (ਪੜ੍ਹਦਾ ਹੋਇਆ) ਸਾਰੀਆਂ ਚੀਜਾਂ ਨੂੰ ਅੱਗ ਲੱਗੀ ਪਈ ਏ, ਬੰਦਾ ਕੀ ਖਾਏਗਾ?

ਨੌਕਰ : ਮਹਾਰਾਜ, ਰੇਟ ਲਿਸਟ ਵੇਖਦੇ ਪਏ ਹੋ ਕਿ ਮੂਵੀ ਬਣਾਉਂਦੇ ਪਏ ਹੋ।

ਬੱਗਾ ਸਿੰਘ : ਅੱਧਾ ਕਿਲੋ ਛੋਲਿਆਂ ਦੀ ਦਾਲ ਤੇ ਨਾਲ ਸੌ ਗ੍ਰਾਮ ਮਾਂਹ ਪਾ ਦੇ।

ਨੌਕਰ : ਸੌ ਗ੍ਰਾਮ ਮਾਂਹ ਕੱਠੇ ਈ। ਤੁਸੀਂ ਪੰਜਾਹ ਗ੍ਰਾਮ ਈ ਲੈ ਜਾਓ, ਬਥੇਰੇ ਨੇ ਮੁਕਦੇ ਨਹੀਂ.... ਜੇ ਨਾ ਖਾਓ ਤਾਂ।

ਬੱਗਾ ਸਿੰਘ : ਕਰ ਲੈ ਟਿੱਚਰਾਂ।

ਨੌਕਰ : ਤੁਸੀਂ ਕਿਹੜਾ ਘੱਟ ਕੀਤੀਆਂ ਨੇ। ਸਾਰੀ ਦੁਕਾਨ ਦਾ ਅਪਰੇਸ਼ਨ ਕਰ ਦਿੱਤੈ। ਆਹ ਫੜੋ ਦੋਵੇਂ ਦਾਲਾਂ ਤੇ ਮਾਰੋ ਛਾਲਾਂ।

(ਰੋਸ਼ਨੀ ਬੁੱਝ ਕੇ ਸਟੇਜ ਦੇ ਤੀਸਰੇ ਭਾਗ ਤੇ ਜਗਦੀ ਹੈ।)

ਨੇਤਾ : (ਸਕੱਤਰ ਨੂੰ) ਸੈਕਟਰੀ ਬੰਦੇ ਕੀ ਕਰਦੇ ਨੇ?

ਸਕੱਤਰ : ਨੇਤਾ ਜੀ, ਸਾਰੇ ਇਸ ਟਾਈਮ ਖੋਤੇ ਬਣੇ ਪਏ ਨੇ। ਬੰਦੇ ਲਾ ਰਹੇ ਨੇ ਗੇੜੇ, ਤੁਸੀਂ ਖਾਓਗੇ ਪੇੜੇ। ਅੱਧੇ ਗੁਦਾਮ ਟੱਲੀ ਹੋ ਗਏ।

ਨੇਤਾ : ਫਾਈਨ ਫਾਈਨ। ਜਿੰਨੀ ਦਾਲ ਪੈਦਾ ਹੋਈ ਏ ਐਸ ਏਰੀਏ ਵਿੱਚ, ਸਾਰੀ ਦਾ ਸ਼ਿਕਾਰ ਕਰ ਲਓ।

ਸਕੱਤਰ : ਸ਼ਿਕਾਰ?



ਨੇਤਾ : ਮੋਟਾ ਸ਼ਿਕਾਰ। ਸਾਨੂੰ ਪੈ ਰਹੀ ਏ ਵੀਹ ਰੁਪਏ ਕਿਲੋ। ਜਦ ਅਸੀਂ ਬਾਹਰ ਕਢਾਂਗੇ ਦਾਲ ਬੋਲੇਗੀ ਆਪਣਾ ਰੇਟ ਸੱਠ ਰੁਪਏ ਕਿਲੋ।

(ਦੋਵੇਂ ਹੱਸਦੇ ਹਨ)

ਸਕੱਤਰ : ਇਹ ਦਾਲ ਲੋਕਾਂ ਦਾ ਦਲੀਆ ਬਣਾ ਦੇਵੇਗੀ ਨੇਤਾ ਜੀ। ਸਰ ਜੀ, ਇਸ ਵਾਰ ਕਾਰ ਕਿਹੜੀ ਆਵੇਗੀ?

ਨੇਤਾ : ਸਪੈਸ਼ਲ ਡਿਜਾਇਨ ਕੀਤੀ ਕਾਰ ਜਰਮਨ ਤੋਂ ਆਵੇਗੀ। ਜਿਹੜਾ ਬੈਠੇਗਾ, ਸਮਝੇਗਾ ਜਰਮਨ ਦੀ ਸੈਰ ਕਰਨੇ ਪਏ ਆਂ। ਗੁਦਾਮਾਂ ਵਿੱਚ ਜਿਹੜੀ ਦਾਲ ਤੇ ਖੰਡ ਸਟੋਰ ਕਰ ਦਿੱਤੀ ਏ, ਜਦ ਨਿਕਲੇਗੀ ਤਾਂ ਸੋਨਾ ਬਣੀ ਹੋਵੇਗੀ।

ਸਕੱਤਰ : ਵਾਹ! ਆਪ ਦੇ ਦਿਮਾਗ ਦੇ ਜਾਈਏ ਬੱਲੇ ਬੱਲੇ, ਬਾਕੀ ਦੁਨੀਆਂ ਥੱਲੇ ਥੱਲੇ।

ਨੇਤਾ : ਜੇ ਸਾਡੇ ਦਿਮਾਗ ਦੀਆਂ ਚੱਕਰੀਆਂ ਨਾ ਚਲਦੀਆਂ ਤਾਂ ਸਾਡੇ ਆਲੀਸ਼ਾਨ ਬੰਗਲੇ ਕਿਵੇਂ ਬਣਦੇ। ਹਾਈ ਕਮਾਂਡ ਤੋਂ ਆਪਣੇ ਆਪ ਟਿਕਟ ਮਿਲਦੀ ਰਹੀ ਏ। ਇਹ ਸਭ ਕਿਸ ਕਰਕੇ? ਆਹ ਦਿਮਾਗ ਕਰਕੇ, ਐਤਕਾਂ ਇਲੈਕਸ਼ਨ ਜਿੱਤ ਕੇ ਮਨਿਸਟਰ ਬਣਾਂਗਾ।

ਸਕੱਤਰ : ਮਜ਼ਦੂਰਾਂ ਕੋਲੋਂ ਮਾਲ ਸਟੋਰਾਂ ਵਿੱਚ ਸੁਟਾਓ ਤੇ ਇਹਨਾਂ ਨੂੰ ਉਂਗਲਾਂ ਤੇ ਨਚਾਓ। ਇਹ ਦਿਮਾਗ ਦੀ ਹੀ ਕਰਾਮਾਤ ਏ।

ਨੇਤਾ : ਮਜਦੂਰਾਂ ਦੇ ਹੱਥ ਪੈਰ ਚਲਦੇ ਨੇ ਤੇ ਸਾਡਾ ਦਿਮਾਗ ਚਲਦੈ। ਅਕਲ ਵੱਡੀ ਕਿ ਮੱਝ?

ਸਕੱਤਰ : ਮੱਝ ਕੀ, ਅਕਲ ਨਾਲ ਬੰਦਾ ਹਾਥੀਆਂ ਨੂੰ ਸੁੱਟ ਲੈਂਦੈ ਭੁੰਜੇ।

ਨੇਤਾ : ਸਾਡੀ ਅਕਲ ਦੇ ਘੋੜੇ ਬੜੇ ਤੇਜ਼ ਦੌੜਦੇ ਨੇ ਤੇ ਲੋਕਾਂ ਦੇ ਸਿਰ 'ਚ ਖੂਬ ਮਿੱਟੀ ਘੱਟਾ ਪਾਉਂਦੇ ਨੇ। ਇਧਰ ਅੱਧੀ ਅੱਧੀ ਰਾਤ ਤੱਕ ਸਾਡੀਆਂ ਪਾਰਟੀਆਂ ਕਿਵੇਂ ਰੰਗੀਨ ਚਲਦੀਆਂ ਨੇ। ਸਾਡੇ ਬੱਚਿਆਂ ਦੇ ਜਨਮ ਦਿਨ ਤੇ ਜਸ਼ਨ ਕਿਵੇਂ ਚਲਦੇ ਨੇ (ਫੂਨ ਦੇ ਆਉਣ ਦੀ ਆਵਾਜ਼) ਹੈਲੋ, ਕੁੱਕੂ ਦਾ ਬਰਥ ਡੇ? ਜਰਾ ਰੁਕ ਜਾਓ, ਮੈਂ ਆਇਆ ਜਸਟ ਨਾਊ।

ਸਕੱਤਰ : ਬਰਥ ਡੇ?

ਨੇਤਾ : ਮਿਸਿਜ ਦਾ ਫੂਨ ਸੀ....ਆਹ ਸੁਣੀਂ ਵਾਜ। ਨਿਆਣਿਆਂ ਤੇ ਜਨਾਨੀਆਂ ਦੀ ਫੌਜ ਘਰ ਕੱਠੀ ਹੋ ਗਈ ਏ।

ਆਵਾਜ਼ਾਂ : ਹੈਪੀ ਬਰਥ ਡੇ ਟੂ ਯੂ।

ਸਕੱਤਰ : ਨੇਤਾ ਜੀ ਕੇਕ ਕੱਟਿਆ ਗਿਐ। ਤੁਹਾਨੂੰ ਜਾਣਾ ਚਾਹੀਦੈ, ਲੋਕ ਕੀ ਕਹਿਣਗੇ ਕਿ ਬਾਪ ਆਪਣੇ ਬੇਟੇ ਦੇ ਬਰਥ ਡੇ ਤੇ ਵੀ ਨਹੀਂ ਆਇਆ।

ਨੇਤਾ : ਜਾਣ ਬੁੱਝ ਕੇ ਲੇਟ ਪਹੁੰਚਣਾ ਹੁੰਦੈ। ਜਨਾਨੀਆਂ ਨੂੰ ਖਾ ਲੈਣ ਦੇ ਕੇਕ, ਇਹਨਾਂ ਕਿਹੜਾ ਸਕਾਚ ਪੀਣੀ ਏ। ਭਰੀ ਪਾਰਟੀ 'ਚ ਤੂੰ ਮਾਈਕ ਫੜ ਕੇ ਕਹਿਣੈਂ- ਨੇਤਾ ਜੀ ਝੁੱਗੀਆਂ ਵਾਲਿਆਂ ਨੂੰ ਕੰਬਲ ਵੰਡਦੇ ਰਹੇ ਤੇ ਆਪਣੇ ਕੁੱਕੂ ਦੇ ਬਰਥ ਡੇ ਦਾ ਕੇਕ ਵੀ ਨਹੀਂ ਖਾ ਸਕੇ।

ਸਕੱਤਰ : ਮੈਂ ਕਿਹਾ ਠੁੱਕ ਬੰਨ ਦਿਆਂਗਾ। ਤਾੜੀਆਂ ਤਾੜ੍ਹ ਤਾੜ੍ਹ ਨਾ ਵੱਜੀਆਂ ਤਾਂ ਮੈਨੂੰ ਵੀ ਸੈਕਟਰੀ ਨਾ ਕਹਿਓ।

ਨੇਤਾ : ਮਾਲ ਸੁੱਟਣ 'ਚ ਕਿੰਨਾ ਟਾਈਮ ਲੱਗੇਗਾ?

ਸਕੱਤਰ : ਬਸ ਪੰਦਰਾਂ ਮਿੰਟ ਹੀ।

ਨੇਤਾ : ਲੇਬਰ ਅੰਦਰ ਸੁੱਟ ਇੱਕ ਇੱਕ ਮੋਟਾ ਜਿਹਾ ਪੈੱਗ ਤੇ ਬਣ ਜਾਣ ਸ਼ਤਾਬਦੀ ਟਰੇਨ।

ਸਕੱਤਰ : ਓ.ਕੇ. ਸਰ। ਦੇਨਾਂ ਇਹਨਾਂ ਨੂੰ ਹਮੀਰਾ ਰਮ ਇੱਕ ਇੱਕ ਗਲਾਸ। ਵੇਖਿਓ ਹਨੇਰੀ ਲਿਆ ਦੇਣਗੇ। (ਦੋਵੇਂ ਜਾਂਦੇ ਹਨ)

(ਰੋਸ਼ਨੀ ਬੁਝਣ ਉਪਰੰਤ ਭਾਗ ਨੰ: ਇੱਕ ਤੇ ਪੈਂਦੀ ਹੈ)

ਬਾਪੂ : ਪੁੱਤਰਾ, ਦਿਲ ਉੱਡਦਾ ਜਾਂਦੈ।

ਬੱਗਾ ਸਿੰਘ : ਬਾਪੂ, ਹੌਂਸਲਾ ਰੱਖ। ਤੈਨੂੰ ਹਸਪਤਾਲ ਲੈ ਚਲਣਾਂ ਸਰਕਾਰੀ। ਪੰਜ ਮਿੰਟਾਂ ਵਿੱਚ ਪਹੁੰਚੇ ਸਮਝ। (ਚਲਦੇ ਹਨ)

(ਰੋਸ਼ਨੀ ਬੁੱਝ ਕੇ ਭਾਗ ਨੰਬਰ ਚਾਰ ਤੇ ਪੈਂਦੀ ਹੈ, ਹਸਪਤਾਲ ਦਾ ਦ੍ਰਿਸ਼ ਨਜ਼ਰੀ ਪੈਂਦਾ ਹੈ)

ਲੈ ਬਾਪੂ, ਆ ਗਿਆ ਹਸਪਤਾਲ ਸਰਕਾਰੀ।

ਬਾਪੂ : ਜੀਂਦਾ ਰਹਿ ਪੁੱਤਰ। ਰੱਬ ਤੇਰੀ ਵੱਡੀ ਉਮਰ ਕਰੇ। ਪਰ.....

ਮੇਰੇ ਦਰਦ.... ਹਾਏ.... ਹਾਏ....

ਬੱਗਾ ਸਿੰਘ : (ਘਬਰਾਈ ਹੋਈ ਉੱਚੀ ਆਵਾਜ਼ ਵਿੱਚ) ਡਾਕਟਰ ਜੀ.... ਓ ਡਾਕਟਰ ਜੀ.... ਦੌੜੋ..... ਮੇਰਾ ਬਾਪੂ..... ਮੇਰਾ ਬਾਪੂ.....

ਸੇਵਾਦਾਰ : (ਆਉਂਦਾ ਹੋਇਆ) ਕਿਉਂ ਡੰਡ ਪਾਈ ਏ? ਇਹ ਹਸਪਤਾਲ ਏ, ਕੋਈ ਸਬਜ਼ੀ ਮੰਡੀ ਨਹੀਂ ਹੈਗੀ। ਬੋਲ, ਕੀ ਤਕਲੀਫ ਏ?

ਬੱਗਾ ਸਿੰਘ : ਮੇਰੇ ਬਾਪੂ ਨੂੰ ਵੇਖੋ.... ਡਾਕਟਰ ਕਿੱਥੇ ਲੁੱਕ ਕੇ ਬੈਠੈ?

ਸੇਵਾਦਾਰ : ਪਰਚੀ ਕਟਾਈ ਏ?



ਬੱਗਾ ਸਿੰਘ : ਨਹੀਂ, ਕਿਥੋਂ ਕਟਾਣੀ ਏ?

ਸੇਵਾਦਾਰ : ਉਪਰ ਚੜ੍ਹ ਜਾ ਪੌੜੀਆਂ।

ਬੱਗਾ ਸਿੰਘ : ਬਾਪੂ ਤੂੰ ਐਥੇ ਬੈਠ, ਕੰਧ ਨਾਲ ਢੋਅ ਲਾ ਲੈ। ਮੈਂ ਮਿੰਟਾਂ 'ਚ ਆਇਆ ਖੋਟੇ ਪੈਸੇ ਵਾਂਗੂੰ ਪਰਚੀ ਕਟਾ ਕੇ (ਬੱਗਾ ਸਿੰਘ ਚਲਾ ਜਾਂਦਾ ਹੈ)

ਬਾਪੂ : (ਆਪਣੇ ਆਪ ਨਾਲ) ਮੇਰਾ ਪੁੱਤਰ ਕਿੰਨਾ ਫਿਕਰ ਕਰਦਾ ਪਿਐ ਮੇਰਾ....ਹਾਏ....ਹਾਏ.... ਪਾਣੀ.... ਘੁੱਟ ਪਾਣੀ....ਕਿੰਨੇ ਲੋਕ ਨੇ....ਕੋਈ ਨਹੀਂ ਸੁਣਦਾ....ਸਾਰੇ ਵਿੰਹਦੇ ਪਏ ਨੇ ਮਾਰਨ ਵਾਲੀ ਮੱਝ ਵਾਂਗੂੰ....ਪਾਣੀ....ਪਾਣੀ.... ਹਾਂ ਸੱਚ ਇਹ ਵੀ ਤਾਂ ਬਿਮਾਰੀਆਂ ਦੇ ਮਾਰੇ ਪਏ ਨੇ....ਕੀ ਦੇਣੈਂ ਪਾਣੀ ਇਹਨਾਂ....ਇਹ ਤਾਂ ਆਪ ਪਾਣੀ ਮੰਗਦੇ ਜਾਪਦੇ ਨੇ।

(ਬੱਗਾ ਸਿੰਘ ਆਉਂਦਾ ਹੈ।)

ਪੁੱਤਰ, ਮੂੰਹ ਸੁੱਕਦਾ ਪਿਐ....ਘੁੱਟ ਪਾਣੀ ਦੇ।

ਬੱਗਾ ਸਿੰਘ : ਬਾਪੂ, ਹਸਪਤਾਲ ਦੀਆਂ ਟੂਟੀਆਂ ਵਿੱਚ ਤਾਂ ਪਾਣੀ ਹੈ ਈ ਨਹੀਂ।

ਘਬਰਾ ਨਾ....ਮੈਂ ਨਲਕੇ ਤੋਂ ਲੈ ਕੇ ਆਇਆ। ਸੜ੍ਹਕ ਤੇ ਨਲਕਾ ਹੈ ਵੇ। (ਬੱਗਾ ਸਿੰਘ ਜਾਂਦਾ ਹੈ)

ਬਾਪੂ : ਇਹਨਾਂ ਸਰਕਾਰੀ ਟੂਟੀਆਂ ਵਿੱਚ ਓਦੋਂ ਪਾਣੀ ਆਏਗਾ ਜਦ ਸਾਹ ਨਿਕਲ ਗਏ। ਐਨੀ ਉੱਚੀ ਟੈਂਕੀ ਅੱਧ ਅਸਮਾਨੇ ਜਾਂਦੀ ਏ, ਕਿਉਂ ਬਣਾਈ।

(ਬੱਗਾ ਸਿੰਘ ਆਉਂਦਾ ਹੈ)

ਬੱਗਾ ਸਿੰਘ : ਲੈ ਬਾਪੂ, ਪਾਣੀ ਪੀ (ਬਾਪੂ ਪਾਣੀ ਪੀਂਦਾ ਹੈ) ਚੱਲ ਆਪਾਂ ਡਾਕਟਰ ਨੂੰ ਮਿਲੀਏ। ਕਿੰਨੀ ਭੀੜ ਏਂ....ਲਗਦੈ ਸਾਰੀ ਦੁਨੀਆਂ ਬਿਮਾਰ ਹੋ ਗਈ ਏ....ਓਏ ਹਟੋ ਪਿੱਛੇ, ਮੇਰਾ ਬਾਪੂ ਬੜ੍ਹਾ ਔਖਾ ਏ....ਮੇਰਾ ਬਾਪੂ ਹਾਏ ਹਾਏ ਕਰਦਾ ਪਿਐ। ਜੇ ਮੇਰੇ ਬਾਪੂ ਨੂੰ ਕੁੱਝ ਹੋ ਗਿਆ ਤਾਂ ਫੂਕ ਦਿਆਂਗਾ ਹਸਪਤਾਲ.... (ਅੱਗੇ ਵਧਦਾ ਹੋਇਆ) ਡਾਕਟਰ ਜੀ, ਮੇਰਾ ਬਾਪੂ....।

ਡਾਕਟਰ : ਸਾਈਲੈਂਟ, ਮੇਰਾ ਬਾਪੂ, ਮੇਰਾ ਬਾਪੂ! ਇਹਨਾਂ ਸਭ ਦੇ ਬਾਪ ਹੈਨ, ਤੇਰਾ ਬਾਪ ਅਸਮਾਨੋਂ ਉਤਰਿਆ?

ਬੱਗਾ ਸਿੰਘ : (ਹੱਥ ਜੋੜਦਾ ਹੋਇਆ) ਡਾਕਟਰ ਤਾਂ ਰੱਬ ਦਾ ਰੂਪ ਹੁੰਦੇ ਨੇ.... ਮੇਰੇ ਬਾਪੂ ਨੂੰ ਬਚਾ ਲਓ ਡਾਕਟਰ ਸਾਹਬ।

ਡਾਕਟਰ : ਇਹਨਾਂ ਦੇ ਸਾਰੇ ਟੈਸਟ ਕਰਨੇ ਪੈਣਗੇ।

ਬੱਗਾ ਸਿੰਘ : ਜੀ ਕਰ ਦਿਓ।

ਡਾਕਟਰ : ਟੈਸਟ ਲਿਖ ਦਿੱਤੇ ਨੇ, ਲੈਬ ਵਿੱਚੋਂ ਕਰਾ ਕੇ ਲਿਆ।

ਬੱਗਾ ਸਿੰਘ : ਲੈਬ? ਹਸਪਤਾਲ ਦੀ ਕਿਹੜੀ ਨੁੱਕਰੇ ਵੇ?

ਡਾਕਟਰ : ਹਸਪਤਾਲ ਤੋਂ ਬਾਹਰ ਏ ਕੱਕੜ ਲੈਬ।

ਬੱਗਾ ਸਿੰਘ : ਜੀ ਪੈਸੇ ਤਾਂ ਨਹੀਂ ਲਗਦੇ?

ਡਾਕਟਰ : ਬਾਪ ਨੂੰ ਫਰੀ 'ਚ ਬਚਾਉਣਾ ਚਾਹੁੰਦਾ ਏਂ?

ਬੱਗਾ ਸਿੰਘ : ਇਹ ਸਰਕਾਰੀ ਹਸਪਤਾਲ ਨਹੀਂ? ਇਥੇ ਵੀ ਪੈਸੇ.....

ਡਾਕਟਰ : ਟੈਸਟ ਆਪਣੇ ਖਰਚੇ ਤੇ ਹੁੰਦੇ ਨੇ, ਇੰਜੈਕਸ਼ਨ ਵੀ ਲੱਗਣਗੇ, ਕੁਛ ਦਵਾਈਆਂ ਵੀ ਬਾਹਰੋਂ ਮਿਲਣਗੀਆਂ।

ਬੱਗਾ ਸਿੰਘ : ਦਵਾਈਆਂ ਤਾਂ ਇਥੋਂ ਮਿਲ ਜਾਣਗੀਆਂ?

ਡਾਕਟਰ : ਹੂੰ, ਸਭ ਕੁੱਛ ਇਥੋਂ ਭਾਲਦੈਂ! ਕਲ੍ਹ ਨੂੰ ਕਹੇਂਗਾ ਚਾਹ ਵੀ, ਰੋਟੀ ਵੀ ਹਸਪਤਾਲੋਂ ਮਿਲ ਜਾਏਗੀ।

ਬੱਗਾ ਸਿੰਘ : ਰੋਟੀ ਨਹੀਂ ਮੰਗਦੇ, ਦਵਾਈ ਮੰਗਦੇ ਆਂ।

ਡਾਕਟਰ : ਬਾਹਰ ਚਲੋ, ਹੋਰ ਪੇਸ਼ੈਂਟ ਭੀ ਵੇਖਣੇ ਨੇ।

ਬਾਪੂ : ਬੰਤਿਆ, ਮੈਨੂੰ ਘਰ ਲੈ ਜਾ। ਐਥੇ ਤਾਂ ਮੇਰੀ ਬਚੀ ਖੁਚੀ ਜਾਨ ਵੀ ਨਿਕਲ ਚੱਲੀ ਏ। (ਡਾਕਟਰ ਦੇ ਸੈੱਟ ਤੇ ਫ਼ੂਨ ਦੀ ਆਵਾਜ਼)

ਡਾਕਟਰ : (ਫ਼ੂਨ ਤੇ) ਨਮਸਕਾਰ ਸ਼ਰਮਾ ਜੀ, ਹਾਓ ਆਰ ਯੂ?

ਫੋਨ ਤੋਂ ਆਵਾਜ਼ : ਫਾਈਨ ਸਰ, ਥੈਂਕ ਯੂ। (ਬੱਗਾ ਸਿੰਘ ਤੇ ਬਾਪੂ ਉਠ ਕੇ ਇੱਕ ਪਾਸੇ ਆ ਜਾਂਦੇ ਹਨ)

ਬਾਪੂ : ਪੁੱਤਰਾ, ਅੰਗਰੇਜ਼ੀ ਵਿੱਚ ਸਾਨੂੰ ਗਾਹਲਾਂ ਕੱਢਦੇ ਹੋਣੇ ਨੇ, ਇਥੋਂ ਨਿਕਲ ਚਲੀਏ। ਇਹ ਵਕਤ ਵੀ ਆਉਣਾ ਸੀ.... ਇਹ ਵੇਖਣ ਨਾਲੋਂ ਤਾਂ ਮੈਂ ਮਰ ਜਾਂਦਾ ਤਾਂ ਚੰਗਾ ਸੀ।

ਬੱਗਾ ਸਿੰਘ : ਮਰਨ ਤੇਰੇ ਦੁਸ਼ਮਣ ਬਾਪੂ, ਤੂੰ ਜੁਗ ਜੁਗ ਜੀਵੇਂ।

ਬਾਪੂ : ਜੁੱਗ ਖਤਮ ਹੋ ਗਿਐ, ਹੁਣ ਤਾਂ ਨਦੀ ਕਿਨਾਰੇ ਰੁੱਖੜਾ ਵਾਂ।

ਬੱਗਾ ਸਿੰਘ : ਬਾਪੂ ਇਵੇਂ ਨਾ ਬੋਲ.... ਮੈਂ ਤੇਰਾ ਇਲਾਜ ਕਰਾਵਾਂਗਾ ਭਾਵੇਂ ਯਾਰ ਠੱਗਾਂ ਭਾਵੇਂ ਚੋਰ।

ਬਾਪੂ : ਬਿਮਾਰੀ ਜਾਂ ਮੁਕੱਦਮਾ ਕਿਸੇ ਨੂੰ ਪੈ ਨਾ ਜਾਏ। ਘਰ ਖਾਲੀ ਹੋ ਜਾਂਦੇ ਨੇ ਪੁੱਤਰਾ। ਹਾਏ....ਹਾਏ....



ਬੱਗਾ ਸਿੰਘ : ਪਰ ਮੈਂ ਤੈਨੂੰ ਇੰਜ ਨਹੀਂ ਮਰਨ ਦੇਵਾਂਗਾ ਭਾਵੇਂ ਕਿੱਲਾ ਜਮੀਨ ਲੇਖੇ ਲੱਗ ਜਾਏ।

ਬਾਪੂ : ਇੱਕ ਕਿੱਲਾ ਮੇਰੇ ਤੇ.... ਹਾਏ.... ਪਿੱਛੇ ਰਹਿ ਜਾਏਗਾ ਇੱਕ ਕਿੱਲਾ.... ਰੋਟੀ ਕਿਥੋਂ ਖਾਵੇਂਗਾ? ਬਥੇਰੀ ਭੋਗ ਲਈ....ਹਾਏ....ਇੱਕ ਦਿਨ ਤਾਂ ਦਾਣਾ ਪਾਣੀ ਖਤਮ ਹੋ ਈ ਜਾਣੈਂ।

ਬੱਗਾ ਸਿੰਘ : ਸੁੱਖੀਂ ਸਾਂਦੀ ਇਵੇਂ ਨਾ ਬੋਲ ਬਾਪੂ.... ਮੈਂ ਆੜ੍ਹਤੀਏ ਕੋਲ ਚੱਲਿਆਂ, ਪੈਸਿਆਂ ਦਾ ਬੰਦੋਬਸਤ ਕਰਕੇ ਤੈਨੂੰ ਸ਼ਹਿਰ ਹਸਪਤਾਲ ਲੈ ਕੇ ਜਾਵਾਂਗਾ।

ਬਾਪੂ : ਬੰਤਿਆ, ਸਾਡੇ ਪਿੰਡ ਦੇ ਜਿੰਨੇ ਬੰਦੇ ਸ਼ਹਿਰ ਗਏ ਇਲਾਜ ਕਰਾਉਣ, ਸਿੱਧੇ ਮੜ੍ਹੀਆਂ ਵਿੱਚ ਹੀ ਗਏ। ਅੱਸੀਆਂ ਦੇ ਨੇੜੇ ਤਾਂ ਮੈਂ ਪਹੁੰਚ ਹੀ ਗਿਆਂ। ਘਰ ਫੂਕ ਕੇ ਹੋਰ ਦੋ ਤਿੰਨ ਸਾਲ ਕੱਢ ਵੀ ਗਿਆ ਤਾਂ ਮੈਂ ਕਿਹੜਾ ਲਾਹੌਰ ਫਤਿਹ ਕਰ ਲੈਣੈਂ.... ਹਾਏ....ਰੱਬਾ.....

ਬੱਗਾ ਸਿੰਘ : ਰੱਬ ਆਸਰੇ ਛੱਡ ਕੇ ਤੈਨੂੰ ਮਰਨ ਦੇਵਾਂ? ਸਾਰੀ ਉਮਰ ਮੈਨੂੰ ਝੋਰਾ ਲੱਗਾ ਰਹੇਗਾ।

ਬਾਪੂ : ਬੱਗਿਆ, ਤੈਨੂੰ ਮੇਰੀ ਸੰਹੁ....ਮੈਨੂੰ ਘਰ ਲੈ ਜਾ....ਹਾਏ....ਵੱਖੀ 'ਚ ਦਰਦ.... ਤੂੰ ਪੀਣ ਵਾਲੀ ਸ਼ੀਸ਼ੀ ਲੈ ਆ ਦਵਾਈਆਂ ਦੀ ਦੁਕਾਨ ਤੋਂ। ਚੱਲ ਘਰ.....ਇਥੇ ਮੇਰਾ ਦਮ ਘੁੱਟਦਾ ਪਿਐ।

ਬੱਗਾ ਸਿੰਘ : (ਰੋਂਦਾ ਹੋਇਆ) ਚੰਗਾ ਬਾਪੂ, ਤੇਰੀ ਮੰਨੀ। ਮੈਂ ਹਾਰ ਗਿਆ....ਮੈਂ ਹਾਰ ਗਿਆ ਲੋਕੋ!

(ਰੋਸ਼ਨੀ ਬੁੱਝ ਕੇ ਸਟੇਜ ਦੇ ਭਾਗ ਨੰ: ਇੱਕ ਤੇ ਪੈਂਦੀ ਹੈ ਬੰਤੇ ਦੇ ਘਰ ਦਾ ਦ੍ਰਿਸ਼ ਪੇਸ਼ ਹੁੰਦਾ ਹੈ)

ਨਿੰਦਰ ਕੌਰ : (ਪੁਰਾਣਾ ਜਿਹਾ ਮੋਬਾਈਲ ਫ਼ੂਨ, ਬੱਗਾ ਸਿੰਘ ਨੂੰ ਫੜ੍ਹਾਉਂਦੀ ਹੋਈ) ਆਹ ਟੈਲੀਫ਼ੂਨ ਸੁਣਿਓ।

ਬੱਗਾ ਸਿੰਘ : ਹੈਲੋ ਕੌਣ ਬੋਲਦੈ?

ਫ਼ੂਨ ਤੋਂ : ਤੁਹਾਡਾ ਜਵਾਈ ਰਾਜਾ ਸੱਤਾ। ਹੋਰ ਕਿਵੇਂ ਡੈਡੀ?

ਬੱਗਾ ਸਿੰਘ : ਬਸ ਚੰਗੈ ਸੱਤੇ ਪੁੱਤਰ, ਗੁੱਡੀ ਠੀਕ ਏ ਨਾ?

ਜਵਾਈ : ਚੜ੍ਹਦੀ ਕਲਾ, ਇੱਕ ਖੁਸ਼ਖਬਰੀ ਏ।

ਬੱਗਾ ਸਿੰਘ : ਖੁਸ਼ਖਬਰੀ? ਉਹ ਕਿਹੜੀ ਪੁੱਤਰ?

ਜਵਾਈ : ਨਿਆਣਿਆਂ ਨੂੰ ਤਿੰਨ ਛੁੱਟੀਆਂ ਹੋ ਗਈਆਂ। ਅਸੀਂ ਤੁਹਾਡੇ ਵੱਲ ਹੁਣੇ ਈ ਆ ਰਹੇ ਹਾਂ।

ਬੱਗਾ ਸਿੰਘ : (ਥਿੜਕਵੀਂ ਆਵਾਜ਼ ਵਿੱਚ) ਸਾਡੇ ਵੱਲ ਹੁਣੇ ਈ?

ਜਵਾਈ : ਤੁਸੀਂ ਕਿਥੇ ਹੋ ਐਸ ਟਾਈਮ?

ਬੱਗਾ ਸਿੰਘ : ਬੱਸ ਘਰ ਹੀ।

ਨਿੰਦਰ ਕੌਰ : ਕਹਿ ਦੇ ਘਰ ਨਹੀਂ। ਖੁਆਉਣਾ ਕਿਥੋਂ ਏ?

ਬੱਗਾ ਸਿੰਘ : ਹਾਂ ਸੱਚ ਪੁੱਤਰ, ਮੈਂ ਘਰ ਨਹੀਂ ਹੈਗਾ।

ਜਵਾਈ : ਪਹਿਲਾਂ ਕਹਿੰਦੇ ਸੀ ਘਰ ਹਾਂ, ਹੁਣ ਕਹਿੰਦੇ ਹੋ ਘਰ ਨਹੀਂ।

ਬੱਗਾ ਸਿੰਘ : ਪੁੱਤਰ ਭੁਲੇਖਾ ਲੱਗ ਗਿਆ ਸੀ.... ਇਸ ਉਮਰੇ....

ਜਵਾਈ : ਸਾਫ ਸਾਫ ਦੱਸੋ ਕਿੱਥੇ ਹੋ?

ਬੱਗਾ ਸਿੰਘ : ਢੱਠੇ ਖੂਹ ਵਿੱਚ।

ਜਵਾਈ : ਢੱਠੇ ਖੂਹ ਵਿੱਚ ਕੀ ਕਰਦੇ ਪਏ ਹੋ?

ਬੱਗਾ ਸਿੰਘ : ਪੁੱਤਰ ਹਸਪਤਾਲ ਵਿੱਚ ਆਂ, ਤੁਹਾਡੀ ਸੱਸ ਦਾ ਚੂਕਲਾ ਟੁੱਟ ਗਿਐ।

ਜਵਾਈ : ਮੰਮੀ ਨਾਲ ਗੱਲ ਕਰਾਇਓ। (ਨਿੰਦਰ ਕੌਰ ਨੂੰ) ਹੈਲੋ, ਕੀ ਹਾਲ ਏ ਤੁਹਾਡਾ?

ਨਿੰਦਰ ਕੌਰ : ਹਾਏ....ਹਾਏ.... ਮਰ ਗਈ। ਰਾਤ ਸੁੱਤੀ ਸੀ, ਸੁੱਤੀ ਸੁੱਤੀ ਮੰਜੇ ਤੋਂ ਡਿੱਗ ਪਈ ਤੇ ਚੂਕਲਾ ਟੁੱਟ ਗਿਐ। ਗੁੱਡੀ ਨੂੰ ਨਾ ਦੱਸਿਓ ਫਿਕਰ ਕਰੇਗੀ।

ਜਵਾਈ : ਰੱਬ ਤੁਹਾਡਾ ਚੂਕਲਾ ਜਲਦੀ ਠੀਕ ਕਰੇ। ਤੁਹਾਡਾ ਪਤਾ ਲੈਣ ਜਰੂਰ ਆਉਂਦਾ, ਮੈਨੂੰ ਕੋਈ ਐਮਰਜੈਂਸੀ ਪੈ ਗਈ। ਮਹਿਕਮੇ ਦੀ ਸਪੈਸ਼ਲ ਡਿਊਟੀ ਤੇ ਜਾਣਾ ਪੈ ਗਿਐ। ਚੰਗਾ ਮੰਮੀ, ਬੈਸਟ ਆਫ ਲੱਕ। (ਫ਼ੂਨ ਤੇ ਗੱਲਬਾਤ ਖਤਮ ਹੁੰਦੀ ਹੈ)

ਨਿੰਦਰ ਕੌਰ : ਸ਼ੁਕਰ ਏ, ਟਾਲਾ ਹੋ ਗਿਐ। ਬਿੱਟੂ ਕਿਥੇ ਗਿਐ?

ਬੱਗਾ ਸਿੰਘ : ਬਾਪੂ ਲਈ ਪੀਣ ਵਾਲੀ ਸ਼ੀਸ਼ੀ ਲੈਣ।

(ਰੋਸ਼ਨੀ ਬੁੱਝ ਕੇ ਸਟੇਜ ਦੇ ਭਾਗ ਨੰਬਰ ਚਾਰ ਤੇ ਪੈਂਦੀ ਹੈ, ਦਵਾਈਆਂ ਵਾਲੀ ਦੁਕਾਨ ਦਾ ਦ੍ਰਿਸ਼)

ਬਿੱਟੂ : (ਕੈਮਿਸਟ ਨੂੰ) ਅੰਕਲ ਜੀ, ਦਾਦੂ ਦੀ ਵੱਖੀ 'ਚ ਦਰਦ ਏ, ਕੋਈ ਸ਼ੀਸ਼ੀ ਦੇ ਦਿਓ।

ਕੈਮਿਸਟ : ਤੇਰੇ ਦਾਦੂ ਦੀ ਉਮਰ ਕਿੰਨੀ ਏ?

ਬਿੱਟੂ : ਅੱਸੀ ਨੱਬੇ ਸਾਲ ਤਾਂ ਹੋਏਗੀ।



ਕੈਮਿਸਟ : ਨੱਬੇ ਸਾਲ, ਇਧਰ ਕਰ ਨੱਬੇ ਰੁਪਏ ਤੇ ਆਹ ਫੜ ਸ਼ੀਸ਼ੀ।

ਬਿੱਟੂ : ਡੈਡੀ ਕਹਿੰਦੇ ਸੀ ਇੱਕ ਸਸਤੀ ਵੀ ਹੈਗੀ ਏ।

ਕੈਮਿਸਟ : ਸਸਤੀ? ਆਹ ਫੜ, ਕੱਢ ਪੰਜਾਹ ਰੁਪਏ।

ਬਿੱਟੂ : ਅੰਕਲ ਹੋਰ ਲੈੱਸ ਕਰੋ।

ਕੈਮਿਸਟ : ਸਾਡੀ ਕਿਹੜਾ ਸਰੀਏ ਦੀ ਦੁਕਾਨ ਏ, ਹੋਰ ਲੈੱਸ ਨਹੀਂ ਹੁੰਦੇ।

(ਸਿਆਣਾ ਆਉਂਦਾ ਹੈ)

ਸਿਆਣਾ : (ਕੈਮਿਸਟ ਨੂੰ) ਤਰਸ ਕਰ ਨਿਆਣੇ ਤੇ, ਸਾਰਾ ਦਿਨ ਗਾਹਕਾਂ ਤੇ ਛੁਰੀ ਚਲਾਈ ਜਾਂਦੇ ਹੋ। ਆਹ ਸ਼ੀਸ਼ੀ ਤੈਨੂੰ ਪਈ ਸੀ ਵੀਹ ਰੁਪਏ ਦੀ, ਤੂੰ ਮੰਗ ਰਿਹੈਂ ਪੰਜਾਹ ਰੁਪਏ। ਚਿੱਟੇ ਦਿਨ ਡਾਕਾ.....

ਕੈਮਿਸਟ : ਤੁਸੀਂ?

ਸਿਆਣਾ : ਸਿਆਣਾ, ਪਰ ਤੇਰੇ ਜਿੰਨਾ ਨਹੀਂ।

ਕੈਮਿਸਟ : ਮਤਲਬ?

ਸਿਆਣਾ : ਆਹ ਸ਼ੀਸ਼ੀ ਦਵਾਈ ਤਿਆਰ ਕਰਨ ਵਾਲੀ ਫਰਮ ਦਾ ਖਰਚਾ ਆਇਆ ਪੰਜ ਰੁਪਏ, ਟੈਲੀਵੀਜ਼ਨ ਤੇ ਉਹ ਜਿਹੜਾ ਬਾਂਦਰ ਜਿਹਾ ਮਸ਼ਹੂਰੀ ਦਿੰਦੈ, ਉਹ ਲੈ ਜਾਂਦੈ ਇੱਕ ਸ਼ੀਸ਼ੀ ਦੇ ਦਸ ਰੁਪਏ। ਡੀਲਰ ਤੇਰੀ ਦੁਕਾਨ ਤੇ ਪਹੁੰਚਾਉਣ ਦੇ ਲੈਂਦੇ ਪੰਜ ਰੁਪਏ। ਤੁਹਾਡਾ ਕਰਮਾ ਵਾਲਾ ਹੱਥ ਲਗਦੈ ਤਾਂ ਸ਼ੀਸ਼ੀ ਦੀ ਕੀਮਤ ਹੋ ਜਾਂਦੀ ਏ ਪੰਜਾਹ ਰੁਪਏ।

ਕੈਮਿਸਟ : (ਗੁੱਸੇ ਵਿੱਚ) ਸਾਡੇ ਪਰਦੇ ਚੁੱਕਣ ਵਾਲਾ ਕੌਣ ਏਂ ਤੂੰ? ਤੁਰ ਜਾ....

ਸਿਆਣਾ : ਘਬਰਾ ਨਾ ਮੈਂ ਚੱਲਿਆਂ। ਤੇਰੇ ਜਿਹਿਆਂ ਤੋਂ ਮੈਨੂੰ ਵੈਸੇ ਈ ਫੁਰੀ ਆਉਂਦੀ ਏ। (ਬਿੱਟੂ ਨੂੰ) ਜਾ ਬੇਟੇ ਜਾ, ਦਾਦੂ ਨੂੰ ਬਚਾ।

(ਰੋਸ਼ਨੀ ਬੁੱਝ ਕੇ ਫਿਰ ਸਟੇਜ ਦੇ ਪਹਿਲੇ ਭਾਗ ਤੇ ਪੈਂਦੀ ਹੈ)

ਨਿੰਦਰ ਕੌਰ : ਬਿੱਟੂ ਆਇਆ ਨਹੀਂ ਦਵਾਈ ਲੈ ਕੇ। ਐਧਰ ਬਾਪੂ ਕੁੱਛ ਜ਼ਿਆਦਾ ਈ....(ਬੱਗਾ ਸਿੰਘ ਆਉਂਦਾ ਹੈ)

ਬੱਗਾ ਸਿੰਘ : (ਰੋਂਦਾ ਹੋਇਆ) ਬਾਪੂ ਚਲਾ ਗਿਆ ਸਾਨੂੰ ਛੱਡ ਕੇ, ਸਦਾ ਸਦਾ ਲਈ....

ਨਿੰਦਰ ਕੌਰ : ਹੈਂ ਬਾਪੂ.....

ਬੱਗਾ ਸਿੰਘ : ਮੈਂ ਵੀ ਤਾਂ ਨਲੈਕ ਪੁੱਤਰ ਈ ਰਿਹਾ। ਟੈਮ ਸਿਰ ਦਵਾਈ ਨਹੀਂ ਲਿਆ ਸਕਿਆ (ਬਿੱਟੂ ਆਉਂਦਾ ਹੈ) ਬਿੱਟੂ ਪੁੱਤਰ, ਕੋਈ ਫਾਇਦਾ ਨਹੀਂ ਸ਼ੀਸ਼ੀ ਦਾ.... ਬਾਪੂ ਚਲਾ ਗਿਆ.....

ਬਿੱਟੂ : ਮੇਰਾ ਦਾਦੂ (ਰੋਂਦਾ ਹੋਇਆ ਬਾਪੂ ਵਾਲੇ ਕਮਰੇ ਵੱਲ ਦੌੜ ਪੈਂਦਾ ਹੈ)

ਨਿੰਦਰ ਕੌਰ : ਬਾਪੂ, ਤੇਰੇ ਬਿਨਾਂ ਤਾਂ ਆਹ ਵਿਹੜਾ ਈ ਸੁੰਨਾ ਹੋ ਗਿਐ।

ਬੱਗਾ ਸਿੰਘ : ਬਾਪੂ ਤੂੰ ਵਿਹੜੇ 'ਚ ਲੇਟਿਆ ਹੁੰਦਾ ਸੀ, ਸਾਨੂੰ ਰਤਾ ਪਰਵਾਹ ਨਹੀਂ ਸੀ।

ਨਿੰਦਰ ਕੌਰ : ਇਲਾਜ ਕਰੌਣ ਦਾ ਹੌਂਸਲਾ ਨਹੀਂ ਪਿਆ। ਸਾਨੂੰ ਮਾਫ ਕਰੀਂ ਸਿਆਣੀਆਂ ਗੱਲਾਂ ਕਰਨ ਵਾਲਿਆ।

ਬੱਗਾ ਸਿੰਘ : ਮੈਨੂੰ ਯਾਦ ਏ ਜਦ ਮੈਂ ਅੱਠ ਸਾਲ ਦਾ ਸੀ, ਮੈਨੂੰ ਬੁਖਾਰ ਹੋ ਗਿਆ। ਬਾਪੂ ਮੈਨੂੰ ਚੁੱਕ ਕੇ ਸ਼ਹਿਰ ਲੈ ਗਿਆ। ਡਾਕਟਰ ਕੋਲੋਂ ਦਵਾਈ ਦੁਆਈ ਤੇ ਮੈਂ ਠੀਕ ਹੋ ਗਿਆ ਪਰ ਮੈਂ ਬਾਪੂ.....

ਨਿੰਦਰ ਕੌਰ : ਜੇ ਮੰਗਿਆਈ ਤੈਨੂੰ ਖਾ ਗਈ ਤਾਂ ਸਾਨੂੰ ਕਿਹੜਾ ਛੱਡੇਗੀ.... ਹੌਂਸਲਾ ਰੱਖ ਬਿੱਟੂ ਦੇ ਡੈਡੀ, ਬਾਪੂ ਦੀਆਂ ਰਸਮਾਂ ਪੂਰੀਆਂ ਕਰਨੀਆਂ ਪੈਣਗੀਆਂ।

(ਰੋਸ਼ਨੀ ਬੁੱਝ ਕੇ ਉਸੇ ਥਾਂ ਤੇ ਫਿਰ ਜਗਦੀ ਹੈ)

ਬੱਗਾ ਸਿੰਘ : ਬਾਪੂ ਦੇ ਜਾਣ ਬਾਅਦ ਸਰੀਰ ਈ ਟੁੱਟ ਗਿਐ, ਹੁਣ ਤਾਂ ਦੁਨੀਆਂ ਵੀ ਓਪਰੀ ਓਪਰੀ ਲੱਗਦੀ ਏ।

ਨਿੰਦਰ ਕੌਰ : ਬਾਪੂ ਦੇ ਭੋਗ ਦਾ ਕੀ ਕਰਨੈਂ?

ਬੱਗਾ ਸਿੰਘ : ਭੋਗ ਪਾਉਣ ਨਾਲ ਕਿਹੜਾ ਬਾਪੂ ਨੇ ਆ ਜਾਣੈਂ।

ਨਿੰਦਰ ਕੌਰ : ਕਦ ਰੱਖਣੈਂ ਅਖੰਡ ਪਾਠ?

ਬੱਗਾ ਸਿੰਘ : ਅਖੰਡ ਪਾਠ? ਘਰ ਵਿੱਚ ਤਿੰਨ ਦਿਨ ਪਾਠ....ਬੰਦੇ ਦਾ ਕਚੂੰਮਰ ਨਿਕਲ ਜਾਂਦੈ।

ਨਿੰਦਰ ਕੌਰ : ਪੁੰਨ ਵੀ ਤਾਂ ਕਰਨਾ ਈ ਪੈਂਦੈ।

ਬੱਗਾ ਸਿੰਘ : ਕਾਹਦਾ ਪੁੰਨ? ਮੇਰੇ ਬਾਪੂ ਨੇ ਕੋਈ ਮਾੜਾ ਕੰਮ ਨਹੀਂ ਕੀਤਾ। ਜੇ ਸਵਰਗ ਨਰਕ ਹੋਏ ਤਾਂ ਉਹ ਬੈਠਾ ਹੋਵੇਗਾ ਪੱਕਾ ਸਵਰਗ ਵਿੱਚ। ਜੇ ਕੋਈ ਬੰਦਾ ਸਾਰੀ ਉਮਰ ਪੁੱਠੇ ਕੰਮ ਕਰੇ, ਉਹਦੇ ਮਰਨ ਬਾਅਦ ਉਹਦੇ ਘਰ ਦੇ ਅਖੰਡ ਪਾਠ ਕਰਾ ਦੇਣ, ਉਹਨੂੰ ਭਲਾ ਸਵਰਗ ਮਿਲ ਜਾਵੇਗਾ?

ਨਿੰਦਰ ਕੌਰ : ਪਰ ਘਰ ਗੁਰੂ ਮਹਾਰਾਜ ਦਾ ਪ੍ਰਕਾਸ਼ ਤਾਂ ਹੋ ਹੀ ਜਾਂਦੈ।

ਬੱਗਾ ਸਿੰਘ : ਗੁਰੂ ਮਹਾਰਾਜ ਤਾਂ ਹਰ ਥਾਂ ਏ, ਜਿੱਥੇ ਮਰਜੀ ਮੰਨ ਲਉ। ਅਖੰਡ ਪਾਠ ਦਾ ਖਰਚਾ ਮੈਂ ਨਹੀਂ ਝੱਲ ਸਕਦਾ।

ਨਿੰਦਰ ਕੌਰ : ਫਿਰ ਆਪਾਂ ਸੁਖਮਨੀ ਸਾਹਿਬ ਕਰਵਾ ਲਈਏ?



ਬੱਗਾ ਸਿੰਘ : ਭਲੀਏ ਲੋਕੇ, ਜੇ ਸੁਖਮਨੀ ਸਾਹਿਬ ਦਾ ਪਾਠ ਆਪ ਕਰ ਲਵਾਂ?

ਨਿੰਦਰ ਕੌਰ : ਤੇਰੇ ਕੀਤੇ ਪਾਠ ਦਾ ਕੀ ਫਾਇਦਾ? ਤੂੰ ਹੁਣ ਭਾਈ ਬਣੇਂਗਾ?

ਬੱਗਾ ਸਿੰਘ : ਭਾਈ ਵੀ ਤਾਂ ਬੰਦੇ ਹੁੰਦੇ ਨੇ। ਮੈਂ ਭਲਾ ਬੰਦਾ ਨਹੀਂ?

ਨਿੰਦਰ ਕੌਰ : ਬੰਦਾ ਤਾਂ ਹੈ ਪਰ ਭਾਈ ਨਹੀਂ।

ਬੱਗਾ ਸਿੰਘ : ਵਿਸ਼ਵਾਸ਼ ਰੱਖ, ਪਹਿਲਾਂ ਕੇਸੀ ਇਸ਼ਨਾਨ ਕਰਾਂਗਾ। ਸਾਫ ਸੁਥਰੇ ਕੱਪੜੇ ਪਾ ਕੇ ਸੁਖਮਨੀ ਸਾਹਿਬ ਦਾ ਪਾਠ ਤਸੱਲੀ ਨਾਲ ਕਰਾਂਗਾ। ਐਵੇਂ ਕੁਤਰਾ ਨਹੀਂ ਕਰਾਂਗਾ, ਦਿਲੋਂ ਅਰਦਾਸ ਕਰਾਂਗਾ। ਇੰਨਾ ਕਰਨ ਤੇ ਵੀ ਬਾਪੂ ਦੀ ਆਤਮਾ ਨੂੰ ਸ਼ਾਂਤੀ ਨਾ ਮਿਲੀ ਤਾਂ ਫਿਰ ਜਿੰਨੇ ਮਰਜੀ ਪਾਪੜ ਵੇਲ ਲਉ, ਸ਼ਾਂਤੀ ਨਹੀਂ ਮਿਲਣੀ।

ਨਿੰਦਰ ਕੌਰ : ਲੋਕ ਕੀ ਕਹਿਣਗੇ? ਭਾਈ ਜੀ ਪਾਠ ਕਰਨਗੇ, ਪੰਜਾਂ ਪਾਠੀਆਂ ਨੂੰ ਲੰਗਰ ਛਕਾ ਕੇ ਸਾਧ ਸੰਗਤ ਨੂੰ ਛਕਾਵਾਂਗੀ।

ਬੱਗਾ ਸਿੰਘ : ਬਾਪੂ, ਤੂੰ ਐਸ ਸਤੰਬਰ ਦੇ ਮਹੀਨੇ ਈ ਪੂਰਾ ਹੋਣਾ ਸੀ। ਖਿੱਚ ਧੂਹ ਕੇ ਦੋ ਤਿੰਨ ਮਹੀਨੇ ਹੋਰ ਕੱਢ ਜਾਂਦਾ, ਸਾਲੀ ਸਬਜ਼ੀ ਸਸਤੀ ਹੋ ਜਾਂਦੀ।

ਨਿੰਦਰ ਕੌਰ : ਕਲ੍ਹ ਕਰਾ ਦੇਈਏ ਸੁਖਮਨੀ ਸਾਹਿਬ ਦਾ ਪਾਠ।

ਬੱਗਾ ਸਿੰਘ : ਪੈਸੇ ਕਿਥੋਂ ਲਿਆਵਾਂ?

ਨਿੰਦਰ ਕੌਰ : ਆੜ੍ਹਤੀ ਕੋਲੋਂ ਫੜ੍ਹ ਲਿਆ ਤੇ ਮੈਂ ਸਫਾਈ ਕਰ ਲਵਾਂ ਘਰ ਦੀ (ਬੱਗਾ ਸਿੰਘ ਜਾਂਦਾ ਹੈ, ਬਿੱਟੂ ਆਉਂਦਾ ਹੈ) ਬਿੱਟੂ, ਹੋ ਗਈ ਤਿਆਰੀ ਤੇਰੇ ਗੀਤ ਦੀ?

ਬਿੱਟੂ : ਮੈਂ ਰੀਝ ਨਾਲ ਗਾਵਾਂਗਾ। ਇੱਕ ਸਿਆਣੇ ਨੇ ਮੈਨੂੰ ਤਿਆਰੀ ਕਰਾਈ ਏ, ਪ੍ਰੋਗਰਾਮ ਵਾਲੀ ਥਾਂ ਨੇਤਾ ਵੀ ਆਏਗਾ।

(ਰੋਸ਼ਨੀ ਬੁੱਝ ਕੇ ਸਟੇਜ ਦੇ ਭਾਗ ਨੰਬਰ ਪੰਜ ਤੇ ਪੈਂਦੀ ਹੈ)

ਦ੍ਰਿਸ਼- ਪ੍ਰੋਗਰਾਮ ਵਾਲੀ ਥਾਂ

ਸਕੱਤਰ : ਸਾਥੀਓ, ਹੁਣ ਸਿਰਫ ਚੋਣਵੇਂ ਤਿੰਨ ਗੀਤ ਪੇਸ਼ ਕੀਤੇ ਜਾਣਗੇ। ਖੁਸ਼ੀ ਵਾਲੀ ਖ਼ਬਰ-ਆਪਣੇ ਇਲਾਕੇ ਦੇ ਹਰਮਨ ਪਿਆਰੇ ਨੇਤਾ ਤਸ਼ਰੀਫ ਫਰਮਾ ਹੋ ਰਹੇ ਨੇ (ਨੇਤਾ ਆਉਂਦਾ ਹੈ, ਜਿਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਹਨ) ਹਾਜ਼ਰੀਨ, ਇੰਤਜ਼ਾਰ ਦੀਆਂ ਘੜੀਆਂ ਖਤਮ ਹੋ ਗਈਆਂ। ਅੱਜ ਦੇ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਤੁਹਾਡੇ ਮਹਿਬੂਬ ਨੇਤਾ ਜੀ ਅਤਿ ਦੇ ਰੁਝੇਵਿਆਂ ਨੂੰ ਛੱਡ ਕੇ ਆਪ ਜੀ ਪਾਸ ਪਹੁੰਚੇ ਨੇ -ਸਿਰਫ਼ ਤੁਹਾਡਾ ਪਿਆਰ ਹਾਸਲ ਕਰਨ। ਮੈਂ ਆਪ ਸਭ ਵੱਲੋਂ ਇਹਨਾਂ ਨੂੰ ਜੀ ਆਇਆਂ ਕਹਿੰਦਾ ਹਾਂ (ਨੇਤਾ ਹਾਰ ਲਾਹ ਕੇ ਕੁਰਸੀ ਤੇ ਬੈਠ ਜਾਂਦਾ

ਹੈ) ਤੇ ਹੁਣ ਇੱਕ ਖਾਸ ਆਈਟਮ-ਮਿਸਟਰ ਬਿੱਟੂ ਪੇਸ਼ ਕਰਨ ਜਾ ਰਿਹੈ-ਮੈਨੂੰ ਮੁੰਦਰੀ ਦੇ ਜਾ ਮਾਹੀਆ ਵੇ.....

ਬਿੱਟੂ : (ਗਾਉਂਦਾ ਹੋਇਆ) ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ। ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ.....

ਨੇਤਾ : (ਗੁੱਸੇ ਵਿੱਚ) ਇਹ ਕੀ? (ਸਿਆਣਾ ਆ ਜਾਂਦਾ ਹੈ)

ਸਿਆਣਾ : ਗਾਈ ਜਾ ਬਿੱਟੂ।

ਬਿੱਟੂ : ਸੁਣ ਲਵੋ ਕਾਂਗੋ ਅਸਾਂ ਕਰਨਾ ਤੁਹਾਨੂੰ ਪੁੱਠੇ
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ
ਰੋਟੀ ਬੱਚਿਆਂ ਦੇ ਹੱਥਾਂ ਵਿੱਚੋਂ ਖੋਹਣ ਵਾਲਿਓ।

ਸਕੱਤਰ : ਬੰਦ ਕਰੋ ਬਕਵਾਸ।

ਆਵਾਜ਼ਾਂ : ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ।

ਨੇਤਾ : ਇਹ ਆਵਾਜ਼ਾਂ ਕਿਧਰੋਂ ਆ ਰਹੀਆਂ ਨੇ?

ਸਕੱਤਰ : ਹਾਂ, ਇਹਨਾਂ ਆਵਾਜ਼ਾਂ ਵਿੱਚ ਗੁੱਸਾ....ਮੈਨੂੰ ਡਰ ਲੱਗ ਰਿਹੈ। ਇਹ ਆਵਾਜ਼ਾਂ ਤੁਹਾਡੇ ਗੁਦਾਮਾਂ ਵੱਲੋਂ....

ਨੇਤਾ : (ਭੈ ਭੀਤ ਹੁੰਦਾ ਹੋਇਆ) ਸੈਕਟਰੀ, ਚੱਲ ਇਥੋਂ (ਦੋਵੇਂ ਦੌੜ ਜਾਂਦੇ ਹਨ)

ਬਿੱਟੂ : ਇਸ ਧਰਤੀ ਦੇ ਸਾਰੇ ਕਾਮੇ
ਕਿਸਮਤ ਖੁਦ ਬਣਾਉਣਗੇ।
ਖੂਨ ਪਸੀਨੇ ਦੀ ਮਹਿਕ ਨਾਲ
ਗ੍ਰਹਿਸਤ ਦਾ ਗੱਡਾ ਚਲਾਉਣਗੇ
ਗ੍ਰਹਿਸਤ ਦਾ.........
(ਹਨੇਰਾ ਹੋ ਜਾਂਦਾ ਹੈ)



# ਸਿਆਸਤ ਇੱਕ ਸਕੂਲ ਦੀ

**ਪਾਤਰ**

ਪ੍ਰਿੰਸੀਪਲ : ਸਰਕਾਰੀ ਸਕੂਲ ਦਾ ਮੁੱਖੀ
ਕੇਵਲ ਸਿੰਘ : ਵਾਈਸ ਪ੍ਰਿੰਸੀਪਲ
ਜੇਤਲੀ : ਲੈਕਚਰਾਰ
ਢਿਲੋਂ : ਇੱਕ ਟੀਚਰ
ਬਖਤੌਰ ਸਿੰਘ : ਸਮਾਜਿਕ ਸਿੱਖਿਆ ਅਧਿਆਪਕ
(ਬਖਤੌਰਾ)
ਮਨੀ : ਇੱਕ ਮੈਡਮ
ਇੱਕ, ਦੋ : ਸਕੂਲ ਦੇ ਵਿਦਿਆਰਥੀ

# ਸਿਆਸਤ ਇੱਕ ਸਕੂਲ ਦੀ

(ਸਟੇਜ ਤੇ ਰੋਸ਼ਨੀ ਪੈਂਦੀ ਹੈ, ਕਿਸੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਦਫ਼ਤਰ ਨਜ਼ਰੀ ਪੈਂਦਾ ਹੈ, ਕੁਰਸੀ ਤੇ ਪ੍ਰਿੰਸੀਪਲ ਬਿਰਾਜਮਾਨ ਹੈ)

ਕੇਵਲ ਸਿੰਘ : (ਪ੍ਰਿੰਸੀਪਲ ਨੂੰ) ਗੁੱਡ ਮਾਰਨਿੰਗ ਸਰ। (ਪ੍ਰਿੰਸੀਪਲ ਕੋਈ ਜਵਾਬ ਨਹੀਂ ਦਿੰਦਾ) ਪ੍ਰਿੰਸੀਪਲ ਸਾਹਿਬ, ਪਿਛਲੇ ਦੋ ਦਿਨਾਂ ਤੋਂ ਤੁਸੀਂ ਮੇਰੀ ਵਿਸ਼ ਦਾ ਜਵਾਬ ਨਹੀਂ ਦਿੱਤਾ।

ਪ੍ਰਿੰਸੀਪਲ : ਹੂੰ, ਸਵੇਰੇ ਗੁੱਡ ਮਾਰਨਿੰਗ ਤੇ ਬਾਕੀ ਦਾ ਦਿਨ ਤਵਾ ਲਾਉਣੈਂ। ਮੈਂ ਆਪਣਾ ਮੂਡ ਆਫ ਨਹੀਂ ਕਰਨਾ ਚਾਹੁੰਦਾ ਸਵੇਰੇ ਸਵੇਰੇ ਤੁਹਾਡੇ ਨਾਲ ਗੱਲਬਾਤ ਕਰਕੇ।

ਕੇਵਲ ਸਿੰਘ : ਮੈਂ ਤੁਹਾਡੇ ਬਾਰੇ ਕਦੇ ਕੋਈ ਗਲਤ ਗੱਲ ਨਹੀਂ ਕੀਤੀ।

ਪ੍ਰਿੰਸੀਪਲ : ਸਟਾਫ਼ ਵਿੱਚ ਕਿਸਨੇ ਕਿਹਾ ਸੀ ਪ੍ਰਿੰਸੀਪਲ ਨੇ ਸਕੂਲ ਦਾ ਭੱਠਾ ਬਿਠਾ ਦਿੱਤੈ। ਤੂੰ ਨਹੀਂ ਸੀ ਕਿਹਾ ਕਿ ਪ੍ਰਿੰਸੀਪਲ ਸਕੂਲ ਵਿੱਚ ਦਿਲਚਸਪੀ ਨਹੀਂ ਲੈਂਦਾ, ਇਹ ਤਾਂ ਸੋਫੇ ਤੇ ਬਹਿ ਕੇ ਸੋਫੇ ਦੇ ਸਪਰਿੰਗ ਤੋੜਦਾ ਰਹਿੰਦੈ।

ਕੇਵਲ ਸਿੰਘ : ਮੇਰਾ ਤੁਹਾਡੇ ਨਾਲ ਕੋਈ ਨਿੱਜੀ ਵੈਰ ਨਹੀਂ, ਮੈਂ ਤਾਂ ਕਿਸੇ ਵਿਸ਼ੇ ਤੇ ਹੀ ਬੋਲਦਾਂ। ਅਸੀਂ ਤੁਸੀਂ ਸਾਰੇ ਸਰਕਾਰ ਦੇ ਕਰਮਚਾਰੀ ਹਾਂ। ਸਾਡੀ ਆਤਮਾ ਕਹਿੰਦੀ ਏ ਕਿ ਸਕੂਲ ਸਮੇਂ ਸਿਰ ਆਓ। ਆਪਣੇ ਵਿਸ਼ੇ ਦੀ ਪੂਰੀ ਤਿਆਰੀ ਕਰਕੇ ਜਮਾਤ ਵਿੱਚ ਜਾਓ। ਸਕੂਲ ਬੰਦ ਹੋਣ ਤੋਂ ਪਹਿਲਾਂ ਖਿਸਕੋ ਨਾ।

ਪ੍ਰਿੰਸੀਪਲ : ਸਾਨੂੰ ਸਿੱਖਿਆ ਦੇਣ ਦੀ ਲੋੜ ਨਹੀਂ। ਆਹ ਚਿੱਟੇ ਵਾਲ ਕਿਸੇ ਬਿਮਾਰੀ ਕਰਕੇ ਨਹੀਂ ਆਏ, ਵਿਦਿਆਰਥੀਆਂ ਨਾਲ ਸਿਰ ਖਪਾਈ ਕਰ ਕੇ ਆਏ ਨੇ। ਤੁਹਾਨੂੰ ਪਤਾ ਹੋਣਾ ਚਾਹੀਦੈ ਕਿ ਪ੍ਰਿੰਸੀਪਲ ਬਣਨ ਤੋਂ ਪਹਿਲਾਂ ਮੈਂ ਮੈਥ ਦਾ ਲੈਕਚਰਾਰ ਸੀ। ਸਾਰੀ ਉਮਰ ਚਾਕ ਚਲਾਉਂਦੇ ਚਲਾਉਂਦੇ ਆਪਣੀਆਂ ਉਂਗਲਾਂ ਘਸਾ ਲਈਆਂ। ਪਤੈ, ਮੈਥ ਕਿੰਨਾ ਟਫ਼ ਸਬਜੈਕਟ ਏ, ਭੂਤਨੀ ਭੁੱਲ ਜਾਂਦੀ ਏ ਸਵਾਲ ਹੱਲ ਕਰਦੇ ਕਰਦੇ।

ਕੇਵਲ ਸਿੰਘ : ਇਸ ਗੱਲ ਦਾ ਮੇਰੇ ਨਾਲ ਕੀ ਸਬੰਧ?

ਪ੍ਰਿੰਸੀਪਲ : ਤੁਹਾਨੂੰ ਦਸ ਰਿਹਾਂ ਐਡੀ ਮੋਟੀ ਕਿਤਾਬ ਹੁੰਦੀ ਏ ਮੈਥ ਦੀ। ਮਾੜਾ ਬੰਦਾ ਤੇਰੇ ਵਰਗਾ ਹੈਂਡੀਕੈਪਡ ਤਾਂ ਚੁੱਕ ਈ ਨਹੀਂ ਸਕਦਾ। ਤੂੰ ਲੱਕੀ ਏਂ, ਪੰਜਾਬੀ ਦਾ ਲੈਕਚਰਾਰ ਏਂ।

ਕੇਵਲ ਸਿੰਘ : ਇਹ ਤਾਂ ਆਪੋ ਆਪਣਾ ਵਿਸ਼ਾ ਏ।

ਪ੍ਰਿੰਸੀਪਲ : ਪੰਜਾਬੀ! ਇਹ ਕੋਈ ਸਬਜੈਕਟ ਏ! ਸਾਰੀ ਕਲਾਸ ਬੋਹੜ ਹੇਠਾਂ ਕੱਠੀ ਕਰਕੇ ਕਹਾਣੀਆਂ ਪਾਈ ਜਾਂਦੈ ਹੀਰ ਰਾਂਝੇ ਦੀਆਂ। ਕਦੇ ਸੱਸੀ ਮਾਰੂਥਲ 'ਚ ਤੋਰ ਦਿੰਦੈ, ਕਦੇ ਮਿਰਜਾ ਬੱਕੀ ਤੇ ਚੜ੍ਹਾ ਦਿੰਦੈ, ਕਦੇ ਪੁੰਨੂੰ ਨੂੰ ਦਾਰੂ ਪਿਆ ਕੇ ਊਠ ਤੇ ਬਿਠਾ ਦਿੰਦੈ।

ਕੇਵਲ ਸਿੰਘ : ਇਹ ਸਭ ਕੁੱਝ ਸਿਲੇਬਸ ਦਾ ਹਿੱਸਾ ਏ, ਸਿਲੇਬਸ ਪੜ੍ਹਾਉਣਾ ਮੇਰੀ ਡਿਊਟੀ ਏ। ਸਿਲੇਬਸ ਤੋਂ ਬਾਹਰ ਤਾਂ ਨਹੀਂ ਗਿਆ ਕਦੇ।

ਪ੍ਰਿੰਸੀਪਲ : ਬਾਹਰ ਕਿਉਂ ਨਹੀਂ ਗਿਆ, ਵਿੱਚੇ ਅਪਣਾ ਕਾਰਲ ਮਾਰਕਸ ਵਾੜ ਦਿੰਦੈ। ਪਤਾ ਨਹੀਂ ਕਿਹੜੇ ਸਮਾਜਵਾਦ ਦੀਆਂ ਗੱਲਾਂ ਕਰਦੈਂ।

ਕੇਵਲ ਸਿੰਘ : ਇਹ ਗੱਲਾਂ ਜਾਗਰਤੀ ਪੈਦਾ ਕਰਨ ਵਾਲੀਆਂ ਨੇ। ਵਿਦਿਆਰਥੀਆਂ ਵਿੱਚ ਚੇਤਨਾ ਪੈਦਾ ਕਰਨੀ ਮੇਰਾ ਫਰਜ ਏ। ਤੁਹਾਨੂੰ ਕੀ ਪਤੈ ਸਮਾਜਵਾਦ ਕੀ ਹੁੰਦੈ?

ਪ੍ਰਿੰਸੀਪਲ : ਨਾ ਤੂੰ ਮਾਮਾ ਲਗਣੈਂ ਸਮਾਜਵਾਦ ਦਾ। ਆਪਣਾ ਸਮਾਜਵਾਦ ਆਪਣੇ ਕੋਲ ਈ ਰੱਖ। ਜਮਾਤ ਵਿੱਚ ਵੀ ਮੇਰੇ ਬਾਰੇ ਵਿੰਗੀਆਂ ਟੇਢੀਆਂ ਗੱਲਾਂ ਕਰਦੈਂ। ਸਟਾਫ਼ ਮੈਂਬਰਾਂ ਵਿੱਚ ਵੀ ਸੜੀ ਗੱਲ ਈ ਆਉਂਦੀ ਤੈਨੂੰ। ਮੇਰਾ ਬਲੱਡ ਪਰੈਸ਼ਰ ਹਾਈ ਕਰ ਦੇਣੈਂ।

ਕੇਵਲ ਸਿੰਘ : ਤੁਸੀਂ ਮੇਰਾ ਬਲੱਡ ਪਰੈਸ਼ਰ ਹਾਈ ਕਰਦੇ ਹੋ।

ਪ੍ਰਿੰਸੀਪਲ : (ਗੁੱਸੇ ਵਿੱਚ) ਤੈਨੂੰ ਨਹੀਂ ਪਤਾ ਮੈਂ ਕਿਸ ਕੁਰਸੀ ਦਾ ਮਾਲਕ ਹਾਂ।

ਕੇਵਲ ਸਿੰਘ : ਮੈਨੂੰ ਪਤੈ ਤੁਸੀਂ ਪ੍ਰਿੰਸੀਪਲ ਸਾਹਿਬ ਹੋ।

ਪ੍ਰਿੰਸੀਪਲ : ਤੈਨੂੰ ਇਹ ਵੀ ਪਤੈ ਆਹ ਕੁਰਸੀ ਵਿੱਚ ਤਾਕਤ ਕਿੰਨੀ ਹੁੰਦੀ ਏ। ਪਾਣੀ 'ਚ ਰਹਿਣਾ ਤੇ ਮਗਰਮੱਛ ਨਾਲ ਵੈਰ।

ਕੇਵਲ ਸਿੰਘ : ਸਾਡਾ ਵਾਹ ਮਗਰਮੱਛਾਂ ਨਾਲ ਈ ਪੈਂਦੈ।

ਪ੍ਰਿੰਸੀਪਲ : ਮਤਲਬ?

ਕੇਵਲ ਸਿੰਘ : ਆਹ ਕਲਮ ਮਗਰਮੱਛਾਂ ਦੇ ਛੱਕੇ ਛੁਡਾਉਣ ਲਈ ਏ। ਤੁਸੀਂ ਮੇਰੀਆਂ ਕਵਿਤਾਵਾਂ ਨਹੀਂ ਪੜ੍ਹੀਆਂ।

ਪ੍ਰਿੰਸੀਪਲ : ਤੂੰ ਵੀ ਮੇਰੀ ਕਲਮ ਦਾ ਜਲਵਾ ਨਹੀਂ ਵੇਖਿਆ। ਸਾਲਾਨਾ ਰਿਪੋਰਟ ਲਿਖਦੇ ਸਮੇਂ ਤੇਰੇ ਦਿਮਾਗ ਦੇ ਗੇੜੇ ਸਿੱਧੇ ਕਰ ਕੇ ਛਡਾਂਗਾ।

ਕੇਵਲ ਸਿੰਘ : ਤੁਸੀਂ ਜੋ ਮਰਜੀ ਲਿਖ ਲਿਓ। ਮੈਂ ਵੀ ਯੂਨੀਅਨ ਦਾ ਵਰਕਰ ਹਾਂ। ਮੇਰੇ ਸਾਥੀ ਇਥੇ ਮੇਲਾ ਲਾ ਦੇਣਗੇ ਤੇ ਭੱਜਣ ਲਈ ਰਾਹ ਲੱਭੋਗੇ।



ਪ੍ਰਿੰਸੀਪਲ : ਮੇਰੇ ਸਾਥੀ ਮਰ ਤਾਂ ਨਹੀਂ ਗਏ। ਅਸੀਂ ਵੀ ਪੁਰਾਣੇ ਘੜਚਾਲੀ ਹਾਂ। ਇੱਟ ਦਾ ਜਵਾਬ ਪੱਥਰ ਨਾਲ ਦੇਵਾਂਗੇ।

ਕੇਵਲ ਸਿੰਘ : ਇਹ ਤਾਂ ਮੌਕਾ ਈ ਦੱਸੇਗਾ ਚੰਦ ਕਿਹੜੇ ਘਰ ਚੜ੍ਹੇਗਾ।

ਤੁਸੀਂ ਯੂਨੀਅਨ ਦੇ ਬੰਦੇ ਨਹੀਂ ਵੇਖੇ। ਦਫ਼ਤਰ ਨੂੰ ਘੇਰਾ ਪੈ ਗਿਆ ਤਾਂ ਤੁਹਾਨੂੰ ਅੰਦਰੋਂ ਕੁੰਡੀ ਮਾਰਨੀ ਪਵੇਗੀ ਤੇ ਪਿਸ਼ਾਬ ਵੀ ਅੰਦਰ ਈ ਕਰੋਗੇ।

ਪ੍ਰਿੰਸੀਪਲ : (ਬਾਹਾਂ ਹਰਕਤ ਵਿੱਚ ਲਿਆਉਂਦੇ ਹੋਏ) ਤੇਰੇ ਨਾਲ ਦੋ ਹੱਥ ਕਰਨੇ ਹੀ ਪੈਣਗੇ।

ਕੇਵਲ ਸਿੰਘ : ਆਪਾਂ ਕਿਹੜਾ ਬਾਹਵਾਂ ਵਿੱਚ ਚੂੜੀਆਂ ਪਾਈਆਂ ਨੇ।

ਪ੍ਰਿੰਸੀਪਲ : ਟਾਕ ਸੈਨਸ, ਕੇਵਲ ਸਿੰਘ।

ਕੇਵਲ ਸਿੰਘ : ਆਈ ਐਮ ਟਾਕਿੰਗ ਸੈਨਸ।

ਪ੍ਰਿੰਸੀਪਲ : ਗੋ ਆਊਟ ਆਫ ਮਾਈ ਆਫਿਸ।

ਕੇਵਲ ਸਿੰਘ : ਕਿਉਂ, ਇਹ ਆਫਿਸ ਤੁਹਾਡੀ ਪਰਾਪਰਟੀ ਏ?

(ਜੇਤਲੀ ਆਉਂਦਾ ਹੈ)

ਜੇਤਲੀ : ਸਰ ਜੀ, ਬਾਹਰ ਕਿੰਨੀ ਸਰਦੀ ਏ, ਤੁਸੀਂ ਅੰਦਰ ਬੜੇ ਪਸੀਨੋ ਪਸੀਨੀ ਹੋਏ ਪਏ ਹੋ।

ਪ੍ਰਿੰਸੀਪਲ : (ਕੇਵਲ ਸਿੰਘ ਵੱਲ ਇਸ਼ਾਰਾ ਕਰਕੇ) ਆਹ ਕਿਥੋਂ ਮੱਥੇ ਲੱਗ ਗਿਐ ਸਵੇਰੇ ਸਵੇਰੇ।

ਜੇਤਲੀ : ਸ਼ਾਂਤ ਸਰ ਜੀ, ਸਕੂਲ ਦੀ ਬਿਹਤਰੀ ਵਾਸਤੇ ਤੁਸੀਂ ਦੋਵੇਂ ਮਿਲ ਕੇ ਚੱਲੋ। ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਦੇ ਆਪਸੀ ਰਿਲੇਸ਼ਨ ਚੰਗੇ ਹੋਣੇ ਚਾਹੀਦੇ ਨੇ। ਕਿਉਂ ਕੇਵਲ ਸਿੰਘ ਜੀ?

ਕੇਵਲ ਸਿੰਘ : ਸਕੂਲ ਦੀ ਬਿਹਤਰੀ ਲਈ ਮੈਂ ਪ੍ਰਿੰਸੀਪਲ ਸਾਹਿਬ ਨਾਲ ਪੂਰੀ ਤਰ੍ਹਾਂ ਕੋਅਪਰੇਟ ਕਰਨ ਲਈ ਤਿਆਰ ਹਾਂ।

ਜੇਤਲੀ : ਪ੍ਰਿੰਸੀਪਲ ਸਾਹਿਬ, ਤੁਸੀਂ ਵੀ ਗੁੱਸੇ ਨੂੰ ਥੁੱਕ ਦਿਉ। ਤੁਹਾਡੇ ਦੋਹਾਂ ਵਾਸਤੇ ਦੋ ਗਲਾਸ ਪਾਣੀ ਮੰਗਵਾਉਣਾ।

(ਬਖਤੌਰਾ ਆਉਂਦਾ ਹੈ)

ਬਖਤੌਰ : ਜੇਤਲੀ, ਕਿਹਨੂੰ ਪਾਣੀ ਪਿਆਉਣ ਲੱਗੈਂ? ਬਾਕੀ ਜੇ ਕੌੜਾ ਪਾਣੀ ਪੀਣਾ ਏ ਤਾਂ ਮੇਰੇ ਘਰ ਚੱਲੋ। ਕੌੜਾ ਪਾਣੀ ਪੀਓਗੇ ਤਾਂ ਕੇਵਲ ਸਿੰਘ, ਤੈਨੂੰ ਕਵਿਤਾ ਵੀ ਚੰਗੀ ਉਤਰੇਗੀ।

ਕੇਵਲ ਸਿੰਘ : ਬਖਤੌਰ ਸਿੰਘ, ਸਾਡੇ ਦੋਹਾਂ ਦਰਮਿਆਨ ਤੈਨੂੰ ਬੋਲਣ ਦੀ ਲੋੜ ਨਹੀਂ। ਯੂ ਸ਼ੁਜ ਨਾਟ ਕੁਮੈਂਟ ਬਖਤੌਰ ਸਿੰਘ।

ਬਖਤੌਰ : ਅੰਗਰੇਜ਼ੀ ਵਿੱਚ ਕੀ ਕਿਹੈ?

ਕੇਵਲ ਸਿੰਘ : ਮਤਲਬ ਤੈਨੂੰ ਟਿੱਪਣੀ ਨਹੀਂ ਕਰਨੀ ਚਾਹੀਦੀ।

ਬਖਤੌਰ : ਟਿੱਪਣੀ? ਇਹ ਕੀ ਹੁੰਦੀ ਏ?

(ਕੇਵਲ ਸਿੰਘ ਬਿਨਾਂ ਜਵਾਬ ਦਿੱਤੇ ਚਲਾ ਜਾਂਦਾ ਹੈ)

ਪ੍ਰਿੰਸੀਪਲ : ਸਵੇਰੇ ਸਵੇਰੇ ਕਿਥੋਂ ਮੱਥੇ ਲੱਗ ਗਿਐ ਕੁਲਹਿਣਾ। ਮੂਡ ਪੂਰੀ ਤਰ੍ਹਾਂ ਆਫ ਹੋ ਗਿਐ।

ਬਖਤੌਰ : ਕੇਵਲ ਸਿੰਘ ਦੇ ਘਰ ਦੇ ਵੀ ਇਹਦੇ ਤੋਂ ਤੰਗ ਨੇ, ਤਾਹਿਓਂ ਸਕੂਲ ਲੱਗਣ ਤੋਂ ਅੱਧਾ ਘੰਟਾ ਪਹਿਲਾਂ ਇਹਨੂੰ ਘਰੋਂ ਬਾਹਰ ਕੱਢ ਦਿੰਦੇ ਨੇ।

ਪ੍ਰਿੰਸੀਪਲ : ਇਹਦੇ ਖੰਭ ਕੁਤਰਨੇ ਪੈਣੇ ਨੇ। ਪਰ....ਹੈ ਈ ਵਾਈਸ ਪ੍ਰਿੰਸੀਪਲ। ਮੇਰੇ ਜਾਣ ਬਾਅਦ ਕੁਰਸੀ ਮਿਲ ਜਾਂਦੀ ਏ ਇਹਨੂੰ। ਕੀ ਕਰੀਏ.....

ਬਖਤੌਰ : ਸਰ, ਤੁਸੀਂ ਜਦੋਂ ਛੁੱਟੀ ਤੇ ਹੋਵੋ ਜਾਂ ਡੀ.ਈ.ਓ. ਦਫਤਰ ਡਿਊਟੀ ਤੇ ਤਾਂ ਮੈਨੂੰ ਬਣਾਓ ਸਕੂਲ ਦਾ ਇੰਚਾਰਜ। ਮੈਂ ਇਸ ਕੇਵਲ ਸਿੰਘ ਦੀ ਢੋਲਕੀ ਵਜਾ ਦਿਆਂਗਾ।

ਪ੍ਰਿੰਸੀਪਲ : ਜੇ ਮੈਂ ਇਵੇਂ ਕੀਤਾ ਤਾਂ ਖੱਪ ਪੈ ਜਾਵੇਗੀ। ਤੀਹ ਸਟਾਫ ਮੈਂਬਰਾਂ ਵਿੱਚ ਤੇਰਾ ਨੰਬਰ ਵੀ ਤਾਂ ਦਸ ਏ, ਨੌਂ ਬੰਦੇ ਤੇਰੇ ਤੋਂ ਸੀਨੀਅਰ ਨੇ।

ਬਖਤੌਰ : ਜੇ ਆਪਣਾ ਨੰਬਰ ਦਸ ਏ ਤਾਂ ਕੰਮ ਵੀ ਸਾਡੇ ਦਸ ਨੰਬਰੀਆਂ ਤੋਂ ਘੱਟ ਨਹੀਂ। ਇੱਕ ਵਾਰ ਮੈਨੂੰ ਮੌਕਾ ਦਿਓ।

ਪ੍ਰਿੰਸੀਪਲ : ਯੂਨੀਅਨ ਵਾਲੇ ਜਿੰਦਾਬਾਦ ਮੁਰਦਾਬਾਦ ਕਰਨਗੇ। ਸਕੂਲ 'ਚ ਜਲੂਸ ਨਿਕਲੇਗਾ, ਅਖ਼ਬਾਰ 'ਚ ਖਬਰ ਛਪੇਗੀ।

ਬਖਤੌਰ : ਚਿੰਤਾ ਛੱਡ ਦਿਓ ਸਰ, ਚੱਕ ਦਿਆਂਗਾ ਘੜੇ ਤੋਂ ਕੌਲਾ। ਹੈ ਨੇ ਬੰਦੇ ਮੇਰੇ ਕੋਲ ਵੀ। ਬੰਦੇ ਕਾਹਦੇ ਨੇ ਜੂਠਾਂ ਨੇ ਜੂਠਾਂ। ਪਾਈਆ ਪਾਈਆ ਸੁਟਾਂਗਾ ਉਹਨਾਂ ਦੇ ਅੰਦਰ, ਫਿਰ ਵੇਖਿਓ ਕਿਵੇਂ ਮੱਛਰਾਂ ਵਾਂਗ ਪੈਣਗੇ।

ਪ੍ਰਿੰਸੀਪਲ : ਪਰ ਨਿਯਮਾਂ ਦੇ ਉਲਟ ਕੰਮ ਨਹੀਂ ਕਰਨਾ ਚਾਹੀਦਾ।

ਬਖਤੌਰ : ਫਿਰ ਪੈ ਜਾਓ ਲੰਮੇ ਕੇਵਲ ਸਿੰਘ ਦੇ ਥੱਲੇ। ਬਖਤੌਰਾ ਨਹੀਂ ਪਰਵਾਹ ਕਰਦਾ ਲੰਡੇ ਸ਼ੇਰਾਂ ਦੀ।

ਪ੍ਰਿੰਸੀਪਲ : (ਜ਼ਰਾ ਸੋਚਣ ਬਾਅਦ) ਇੱਕ ਗਲ ਸੁੱਝੀ ਏ। ਕੇਵਲ ਸਿੰਘ ਸਟਾਫ਼ ਦਾ ਵੀ ਸਕੱਤਰ ਏ, ਉਹਨੂੰ ਸਕੱਤਰੀ ਤੋਂ ਲਾਹੀਏ।

ਬਖਤੌਰਾ : ਉਹ ਕਿਵੇਂ?

ਪ੍ਰਿੰਸੀਪਲ : ਇਲੈਕਸ਼ਨ ਕਰਵਾ ਦੇਈਏ।

ਬਖਤੌਰ : ਠੀਕ ਏ, ਕੇਵਲ ਸਿੰਘ ਦੀ ਢੋਲਕੀ ਵਜਾ ਦਿਆਂਗਾ।



ਪ੍ਰਿੰਸੀਪਲ : ਜੇਤਲੀ ਸਾਹਿਬ, ਤੁਹਾਡਾ ਕੀ ਖਿਆਲ ਏ?

ਜੇਤਲੀ : ਸਕੂਲ ਵਿੱਚ ਤਿੰਨ ਗਰੁੱਪ ਨੇ। ਕੇਵਲ ਸਿੰਘ ਗਰੁੱਪ ਦੇ ਦਸ ਬੰਦੇ ਪੱਕੇ ਨੇ। ਸਰ ਜੀ, ਦੂਜਾ ਗਰੁੱਪ ਤੁਹਾਡਾ ਏ, ਜਿਹਦੇ ਵਿੱਚ ਬਖਤੌਰੇ ਸਮੇਤ ਦਸ ਕੁ ਬੰਦੇ ਹੋਣਗੇ। ਤੀਜਾ ਗਰੁੱਪ ਸਾਡਾ ਸਾਇੰਸ ਵਾਲਿਆਂ ਦਾ ਏ, ਅਸੀਂ ਕੁੱਲ ਚਾਰ ਹਾਂ।

ਪ੍ਰਿੰਸੀਪਲ : ਫਿਰ ਤਾਂ ਜਿੱਤ ਸੌ ਪਰਸੈਂਟ ਏ। ਬਖਤੌਰ ਸਿੰਘ, ਕੇਵਲ ਸਿੰਘ ਦੇ ਮੁਕਾਬਲੇ ਖੜ੍ਹੇ ਹੋ ਜਾਓ। ਸਟਾਫ਼ ਸਕੱਤਰੀ ਗਈ ਤਾਂ ਕੇਵਲ ਸਿੰਘ ਦਾ ਵੈਸੇ ਈ ਮੱਚ ਮਰ ਜਾਏਗਾ। (ਢਿੱਲੋਂ ਆਉਂਦਾ ਹੈ)

ਬਖਤੌਰ : ਮੈਂ ਕਿਹੈ ਕੁੱਤੀਆਂ ਗਹੀਰੇ ਚੜ੍ਹਾ ਦਿਆਂਗਾ। ਚਾਰੇ ਦੇ ਚਾਰੇ ਚਪੜਾਸੀ ਤਾਂ ਮੇਰੀ ਜੇਬ ਵਿੱਚ ਨੇ। ਕੋਈ ਨਾ ਕੋਈ ਚਪੜਾਸੀ ਸ਼ਾਮ ਨੂੰ ਮੇਰੇ ਘਰ ਪਹੁੰਚਾ ਈ ਹੁੰਦੈ ਚੁੰਜ ਗਿੱਲੀ ਕਰਨ ਵਾਸਤੇ। ਜੇਤਲੀ, ਤੇਰਾ ਜਥਾ ਪੱਕਾ ਏ ਨਾ?

ਜੇਤਲੀ : ਬਖਤੌਰ ਸਿੰਘ, ਜਿਧਰ ਪ੍ਰਿੰਸੀਪਲ ਸਾਹਿਬ ਡੋਰ ਹਿਲਾਉਣਗੇ, ਪਤੰਗ ਉਧਰ ਹੀ ਉਡੇਗਾ।

ਬਖਤੌਰ : ਫਿਰ ਹੋ ਜਾਣਗੇ ਹੁੱਲੇ ਹੁਲਾਰੇ। ਢਿੱਲੋਂ ਵੀ ਆ ਗਿਐ, ਇਹਨਾਂ ਨੂੰ ਦਸ ਦਿਓ ਪ੍ਰਿੰਸੀਪਲ ਸਾਹਿਬ।

ਪ੍ਰਿੰਸੀਪਲ : ਢਿੱਲੋਂ ਸਾਹਿਬ, ਤੁਸੀਂ ਪਿਛਲੇ ਕੁੱਝ ਦਿਨਾਂ ਤੋਂ ਸਕੂਲ ਲੇਟ ਆ ਰਹੇ ਹੋ। ਕਮ ਸੇ ਕਮ ਸਵੇਰੇ ਟਾਈਮ ਸਿਰ ਪਹੁੰਚਿਆ ਕਰੋ। ਸ਼ਾਮ ਦੀ ਗੱਲ ਥੋੜਾ ਹੋਰ ਹੁੰਦੀ ਏ, ਮੈਨੂੰ ਵੀ ਘੰਟਾ ਪਹਿਲਾਂ ਜਾਣਾ ਪੈਂਦਾ।

ਬਖਤੌਰ : ਢਿੱਲੋਂ ਤਾਂ ਵਿੱਚ ਵਿਚਾਲੇ ਵੀ ਲਾਉਂਦਾ ਏ ਖਿਸਕੂ ਮੰਤਰ। ਅੱਧੀ ਛੁੱਟੀ ਘਰ ਗਰਮਾ ਗਰਮ ਰੋਟੀ ਵੀ ਖਾ ਆਉਂਦਾ ਏ, ਨਾਲੇ ਕੱਟੀ ਨੂੰ ਪਾਣੀ ਵੀ ਡਾਹ ਆਉਂਦਾ ਏ। ਢਿੱਲੋਂ ਦੀਆਂ ਤਾਂ ਮੌਜਾਂ ਹੀ ਮੌਜਾਂ ਨੇ।

ਢਿੱਲੋਂ : ਰੋਜ਼ ਤਾਂ ਨਹੀਂ ਮੈਂ ਖਿਸਕਦਾ ਸਕੂਲੋਂ। ਅੱਜ ਸਵੇਰੇ ਘਟਨਾ ਈ ਇਵੇਂ ਦੀ ਵਾਪਰ ਗਈ, ਪੁੱਛੋ ਈ ਕੁੱਝ ਨਾ।

ਪ੍ਰਿੰਸੀਪਲ : ਸੁੱਖ ਤਾਂ ਹੈ ਨਾ?

ਢਿੱਲੋਂ : ਸੁੱਖ ਹੁੰਦਾ ਤਾਂ ਲੇਟ ਕਿਵੇਂ ਹੁੰਦਾ। ਮੇਰੀ ਘਰ ਵਾਲੀ ਮੱਝ ਦੀ ਧਾਰ ਪਈ ਕੱਢਦੀ ਸੀ। ਮੱਝ ਨੂੰ ਪਤਾ ਨਹੀਂ ਕੀ ਹੋਇਆ, ਉਹਨੇ ਆਪਣੀ ਲੱਤ ਠਾਹ ਮਾਰੀ ਘਰ ਵਾਲੀ ਦੇ। ਘਰ ਵਾਲੀ ਇੱਕ ਪਾਸੇ ਡਿੱਗ ਪਈ ਤੇ ਉਹਦੇ ਉੱਤੇ ਪੂਰੀ ਬਾਲਟੀ ਦੁੱਧ ਵੀ ਡਿੱਗ ਪਿਆ।

ਪ੍ਰਿੰਸੀਪਲ : ਤੁਹਾਡੀ ਮਿਸਿਜ਼ ਤਾਂ ਠੀਕ ਏ ਨਾ?

ਢਿੱਲੋਂ : ਜੀ ਅਗੋਂ ਸੁਣੋ, ਮੈਂ ਘਰ ਵਾਲੀ ਨੂੰ ਚੁੱਕ ਕੇ ਕਾਰ ਵਿੱਚ ਪਾਇਆ ਤੇ ਡਾਕਟਰ ਵੱਲ ਚੱਲ ਪਏ। ਅੱਗੇ ਮੋੜ ਤੇ ਹਨੇਰੀ ਵਾਂਗੂੰ ਇੱਕ ਹੋਰ ਕਾਰ ਦੌੜਦੀ ਦੌੜਦੀ ਸਾਡੀ ਕਾਰ 'ਚ ਠਾਹ ਵੱਜੀ.....

ਬਖਤੌਰ : ਗੱਡੀਆਂ 'ਚ ਗੱਡੀਆਂ ਵੱਜੀਆਂ.....

ਜੇਤਲੀ : ਢਿੱਲੋਂ ਸਾਹਿਬ, ਅੱਜ ਤੁਹਾਡੀ ਰਾਸ਼ੀ ਮਾੜੀ ਲੱਗਦੀ ਏ।

ਢਿੱਲੋਂ : ਅੱਜ ਪਤਾ ਨਹੀਂ ਕਿਹੜਾ ਮੱਥੇ ਲੱਗ ਗਿਐ। ਘਰ ਵਾਲੀ ਠੀਕ ਨਹੀਂ, ਛੁੱਟੀ ਕੋਈ ਹੈ ਨਹੀਂ, ਕਰਾਂ ਤਾਂ ਕਰਾਂ ਕੀ?

ਬਖਤੌਰ : ਸਰ ਜੀ, ਢਿੱਲੋਂ ਸਾਹਿਬ ਨੂੰ ਦਿਓ ਢਿੱਲ। ਇਹਦੀ ਘਰ ਵਾਲੀ ਪਰਲੋਕ ਸਿਧਾਰ ਗਈ ਤਾਂ ਇਸ ਉਮਰੇ ਇਹਦੇ ਸਿਹਰੇ ਨਹੀਂ ਲਗਣੇ। ਰਹਿੰਦੀ ਉਮਰ ਰਸੋਈ ਦਾ ਇੰਚਾਰਜ ਵੀ ਆਪ ਈ ਰਹੇਗਾ।

ਪ੍ਰਿੰਸੀਪਲ : ਢਿੱਲੋਂ ਜੀ, ਤੇਰੀ ਸਿਫਾਰਸ਼ ਬਖਤੌਰ ਸਿੰਘ ਨੇ ਵੀ ਕਰ ਦਿੱਤੀ ਏ। ਹੁਣ ਤਾਂ ਤੈਨੂੰ ਰਿਆਇਤ ਦੇਣੀ ਪਵੇਗੀ ਪਰ ਇੱਕ ਤੇਰੇ ਤੋਂ ਵੀ ਆਸ ਚਾਹੁੰਦੇ ਹਾਂ।

ਢਿੱਲੋਂ : ਦੱਸੋ ਸਰ ਜੀ, ਤੁਹਾਡੀ ਕਿਹੜੀ ਨਹੀਂ ਮੰਨੀ।

ਪ੍ਰਿੰਸੀਪਲ : ਸਟਾਫ਼ ਸਕੱਤਰੀ ਦੀ ਇਲੈਕਸ਼ਨ ਆ ਰਹੀ ਏ, ਵੋਟ ਸਾਨੂੰ....

ਢਿੱਲੋਂ : ਵੋਟ ਆਪਣੀ ਜੇਬ 'ਚ ਸਮਝੋ ਸਰ ਜੀ।

ਬਖਤੌਰ : ਫਿਰ ਢਿੱਲੋਂ ਜੀ ਖਿਸਕੋ ਸਕੂਲੋਂ, ਵੈਸੇ ਤੁਹਾਡਾ ਨਾਂ ਢਿੱਲੋਂ ਨਹੀਂ ਸੀ ਹੋਣਾ ਚਾਹੀਦਾ।

ਢਿੱਲੋਂ : ਕੀ ਹੋਣਾ ਚਾਹੀਦਾ ਸੀ ਬਖਤੌਰਿਆ?

ਬਖਤੌਰ : ਪਰੀਤਾ ਅਮਲੀ ਦੱਸਦਾ ਸੀ ਜਿਹਨਾਂ ਦੇ ਘਰਾਂ 'ਚ ਬੇਰੀਆਂ ਸਨ, ਉਹ ਬਣ ਗਏ ਬਰਾੜ ਸਾਹਿਬ। ਜਿਹਨਾਂ ਘਰਾਂ ਅੱਗੇ ਛੱਪੜ ਸਨ, ਉਹ ਬਣ ਗਏ ਗਿੱਲ ਸਾਹਿਬ। ਜਿਹੜੇ ਮਿੰਟਾਂ ਦਾ ਕੰਮ ਘੰਟਿਆਂ ਵਿੱਚ ਕਰਦੇ ਸੀ, ਉਹ ਹੋ ਗਏ ਢਿੱਲੋਂ ਸਾਹਿਬ।

ਢਿੱਲੋਂ : ਤੂੰ ਇਵੇਂ ਦੀਆਂ ਸ਼ੁਰਲੀਆਂ ਨਾ ਛੱਡਿਆ ਕਰ। ਵਿੰਗੀਆਂ ਟੇਢੀਆਂ ਗੱਲਾਂ ਆਉਂਦੀਆਂ ਤੈਨੂੰ। ਆਪਣੀ ਮੰਜੀ ਥੱਲੇ ਕਦੇ ਸੋਟੀ ਮਾਰੀ ਤੂੰ?

ਬਖਤੌਰ : ਸੋਟੀ ਕੀ, ਮੈਂ ਤਾਂ ਆਪਣੀ ਮੰਜੀ ਥੱਲੇ ਡਾਂਗ ਰੱਖਦਾਂ।

ਢਿੱਲੋਂ : ਪਰਸੋਂ ਦਸਵੀਂ ਜਮਾਤ ਵਿੱਚ ਗਲਤ ਈ ਪੜ੍ਹਾਈ ਜਾਂਦਾ ਸੀ ਕਿ ਭਾਰਤ ਦੇ ਦੂਜੇ ਰਾਸ਼ਟਰਪਤੀ ਦਾ ਨਾਂ ਡਾਕਟਰ ਰਾਜਿੰਦਰ ਪ੍ਰਸ਼ਾਦ ਸੀ, ਜਦ ਕਿ ਦੂਜਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਜੀ।

ਬਖਤੌਰ : ਹੈ ਤਾਂ ਦੋਵੇਂ ਰਾਸ਼ਟਰਪਤੀ ਸਨ, ਨਾਂ ਅੱਗੇ ਪਿੱਛੇ ਹੋ ਗਿਆ ਤਾਂ ਕਿਹੜਾ ਅਸਮਾਨ ਡਿੱਗ ਪਿਐ।



ਪ੍ਰਿੰਸੀਪਲ : ਸਟਾਪ ਇਟ। ਢਿੱਲੋਂ ਜੀ, ਟੇਕ ਕੇਅਰ ਆਫ ਯੂਅਰ ਵਾਈਫ। ਲੀਵ ਫਾਰ ਯੂਅਰ ਹੋਮ (ਢਿੱਲੋਂ ਚਲਾ ਜਾਂਦਾ ਹੈ)

ਜੇਤਲੀ : ਬੜਾ ਤੇਜ ਬੰਦਾ ਏ ਢਿੱਲੋਂ। ਸਰ ਜੀ, ਅੱਜ ਇਹਦੇ ਨਾਲ ਕੁੱਝ ਨਹੀਂ ਵਾਪਰਿਆ। ਤੁਸੀਂ ਪਿੱਛੇ ਕਿਸੇ ਨੂੰ ਭੇਜ ਕੇ ਵੇਖ ਲਉ, ਬਜ਼ਾਰ ਵਿੱਚ ਕਿਸੇ ਦਾ ਬੀਮਾ ਕਰਦਾ ਹੋਣੈਂ।

ਪ੍ਰਿੰਸੀਪਲ : ਫਿਰ ਵੀ ਢਿੱਲੋਂ ਬੰਦਾ ਭਲਾ ਮਾਨਸ ਏ।

ਜੇਤਲੀ : ਇਹ ਭਲਾ ਮਾਨਸ ਨਹੀਂ, ਇਹ ਲੁੱਚਾ ਮਾਨਸ ਏ।

ਪ੍ਰਿੰਸੀਪਲ : ਸਾਨੂੰ ਕੀ, ਜੋ ਕਰੇਗਾ ਸੋ ਭਰੇਗਾ। ਉਪਰ ਵਾਲੇ ਗਾਡ ਦੀ ਨਿਗਾਹ ਤੋਂ ਤਾਂ ਨਹੀਂ ਬਚ ਸਕਦਾ। ਵੈਸੇ ਵੀ ਸਾਨੂੰ ਇੱਕ ਇੱਕ ਵੋਟ ਦੀ ਲੋੜ ਏ। ਦੋ ਚਾਰ ਛੁੱਟੀਆਂ ਯਾਨੀ ਫਰਲੋ ਲੈ ਵੀ ਜਾਵੇਗਾ ਤਾਂ ਸਾਨੂੰ ਕੀ ਫਰਕ ਪੈਂਦੈ। (ਮੈਡਮ ਮਨੀ ਆਉਂਦੀ ਹੈ)

ਮੈਡਮ ਮਨੀ, ਵਾਈ ਆਰ ਯੂ ਸੋ ਲੇਟ? ਕਦੇ ਤਾਂ ਟਾਈਮ ਸਿਰ ਆ ਜਾਇਆ ਕਰੋ।

ਮਨੀ : ਸਰ ਜੀ, ਪਿਛਲੇ ਤਿੰਨ ਚਾਰ ਦਿਨਾਂ ਤੋਂ ਮੇਰੀ ਸ਼ੂਗਰ ਹਾਈ ਚੱਲ ਰਹੀ ਏ।

ਬਖਤੌਰ : ਜੀ ਕਰੋ ਮੈਡਮ ਦੀ ਸ਼ੂਗਰ ਡਾਊਨ।

ਮਨੀ : ਮਤਲਬ?

ਬਖਤੌਰ : ਪ੍ਰਿੰਸੀਪਲ ਸਾਹਿਬ ਨੂੰ ਜੜੀ ਬੂਟੀਆਂ ਦਾ ਬੜਾ ਗਿਆਨ ਏ, ਤੈਨੂੰ ਵੀ ਦਿੰਦੇ ਨੇ ਕੋਈ ਦੇਸੀ ਦਵਾਈ।

ਪ੍ਰਿੰਸੀਪਲ : ਯੈੱਸ, ਸਵੇਰੇ ਵਾਕ ਕਰੋ, ਘੱਟ ਟਾਕ ਕਰੋ ਔਰ ਸ਼ਾਮ ਨੂੰ ਸਲੋਅ ਵਾਕ ਕਰੋ। ਮੇਰੇ ਵੱਲ ਵੇਖੋ ਆਈ ਐਮ ਫੁਲੀ ਫਿੱਟ ਸਤਵੰਜਾ ਸਾਲ ਦੀ ਉਮਰ ਵਿੱਚ ਵੀ।

ਮਨੀ : ਤੁਹਾਡੀਆਂ ਰੀਸਾਂ ਕੌਣ ਕਰ ਸਕਦੈ ਸਰ ਜੀ।

ਪ੍ਰਿੰਸੀਪਲ : ਇਹ ਤਾਂ ਹੈ ਹੀ, ਬਟ ਟਰਾਈ ਯੂਅਰ ਬੈਸਟ।

ਮਨੀ : ਓ.ਕੇ. ਸਰ, ਮੈਂ ਜਾਵਾਂ ਸਰ?

ਪ੍ਰਿੰਸੀਪਲ : ਜਸਟ ਵਨ ਮਿੰਟ। ਤੁਹਾਡੇ ਖਿਲਾਫ਼ ਇੱਕ ਸ਼ਕੈਤ ਆਈ ਏ। ਤੁਸੀਂ ਬਾਹਰੋ ਬਾਹਰ ਗਾਈਡਾਂ ਵੇਚਣ ਵਾਲਿਆਂ ਨਾਲ ਸੌਦੇਬਾਜੀ ਕਰ ਲਈ, ਕਮਾਲ ਹੋ ਗਈ ਤੁਹਾਡੇ ਵਾਲੀ।

ਮਨੀ : (ਘਬਰਾਹਟ ਵਿੱਚ) ਜੀ....ਜੀ.....

ਬਖਤੌਰ : ਛੱਡੋ ਪ੍ਰਿੰਸੀਪਲ ਸਾਹਿਬ, ਮੈਡਮ ਦੀ ਸ਼ੂਗਰ ਉਪਰ ਚੜ੍ਹ ਜਾਣੀ ਏ, ਨਾਲੇ ਮੈਡਮ ਵੀ ਸਾਡੇ ਗਰੁੱਪ ਦੀ ਏ। ਕਿਉਂ ਭੈਣ ਮਨੀ ਜੀ?

ਮਨੀ : ਹਾਂ ਹਾਂ, ਬਖਤੌਰ ਸਿੰਘ ਤਾਂ ਮੇਰਾ ਵੀਰ ਏ।

ਪ੍ਰਿੰਸੀਪਲ : ਫਿਰ ਆਪਣੇ ਵੀਰ ਨੂੰ ਵੋਟ ਤਾਂ ਪਾਉਗੇ ਨਾ? ਸਟਾਫ ਸਕੱਤਰੀ ਦੀ ਇਲੈਕਸ਼ਨ ਲੜ ਰਹੇ ਨੇ ਕੇਵਲ ਸਿੰਘ ਦੇ ਮੁਕਾਬਲੇ।

ਮਨੀ : ਵੋਟ ਸਰ ਜੀ ਤੁਹਾਡੇ ਨਾਂ ਤੇ। ਤੁਹਾਡੇ ਹੁਕਮ ਦੇ ਗੁਲਾਮ ਹਾਂ ਸਰ ਜੀ।

ਪ੍ਰਿੰਸੀਪਲ : ਥੈਂਕ ਯੂ ਮੈਡਮ। ਆਈ ਐਮ ਪਰੌਡ ਆਫ ਯੂ।

ਮਨੀ : ਓ.ਕੇ. ਸਰ (ਬਖਤੌਰ ਸਿੰਘ ਨੂੰ) ਚੰਗਾ ਵੀਰ ਜੀ।

ਬਖਤੌਰ : ਮੌਜਾਂ ਕਰੋ ਭੈਣ ਜੀ, ਪਰਵਾਹ ਨਹੀਂ ਲੰਡੇ ਸ਼ੇਰ ਦੀ। (ਮਨੀ ਜਾਂਦੀ ਹੈ) ਮੈਡਮ ਮਨੀ ਵੀ ਆ ਗਈ ਆਪਣੀ ਜੇਬ ਵਿੱਚ।

ਪ੍ਰਿੰਸੀਪਲ : ਹਾ...ਹਾ....ਹਾ, ਕੁਰਸੀ ਨੂੰ ਸਲਾਮਾਂ ਨੇ ਬਖਤੌਰ ਸਿੰਘ ਜੀ।

ਬਖਤੌਰ : ਤੁਸੀਂ ਇਲੈਕਸ਼ਨ ਹੋਣ ਤੱਕ ਨਾ ਲਿਉ ਛੁੱਟੀ ਤੇ ਨਾ ਹੀ ਜਾਇਓ ਕਿਤੇ ਡਿਊਟੀ, ਕੇਵਲ ਸਿੰਘ ਨੂੰ ਮੌਕਾ ਨਾ ਮਿਲੇ ਐਸ ਕੁਰਸੀ ਤੇ ਬੈਠਣ ਦਾ, ਉਹਦੇ ਸਾਥੀ ਆਪੇ ਟੁੱਟਦੇ ਜਾਣਗੇ। ਮੈਂ ਗਾਵਾਂਗਾ ਮਣਕੇ ਟੁੱਟਦੇ ਜਾਂਦੇ ਨੇ।

ਪ੍ਰਿੰਸੀਪਲ : ਇਹਨੂੰ ਕਹਿੰਦੇ ਨੇ ਚੜ੍ਹਦੇ ਸੂਰਜ ਨੂੰ ਸਲਾਮਾਂ।

ਬਖਤੌਰ : ਤੁਸੀਂ ਲੈਕਸ਼ਨ ਦਾ ਐਲਾਨ ਅੱਜ ਈ ਕਰ ਦਿਉ, ਫਿਰ ਵੇਖਿਓ ਮੈਂ ਕਿਵੇਂ ਲਾਉਂਦਾ ਆਂ ਮੇਲਾ।

ਪ੍ਰਿੰਸੀਪਲ : ਫਿਰ ਵੀ ਨੋਟਿਸ ਤਾਂ ਕੱਢਣਾ ਈ ਪਵੇਗਾ। ਹਫਤੇ ਦਾ ਟਾਈਮ ਤਾਂ ਦੇਣਾ ਹੀ ਪਵੇਗਾ।

ਬਖਤੌਰ : ਸਰ ਜੀ, ਲੋਹਾ ਗਰਮ ਏ, ਸੱਟ ਚੰਗੀ ਵੱਜੇਗੀ। ਦੋ ਤਿੰਨ ਦਿਨ 'ਚ ਲੈਕਸ਼ਨ ਦਾ ਯੱਬ ਨਿਬੇੜੋ।

ਪ੍ਰਿੰਸੀਪਲ : ਰੂਲਜ਼ ਦਾ ਖਿਆਲ ਵੀ ਤਾਂ ਮਾੜਾ ਮੋਟਾ ਰੱਖਣਾ ਈ ਪੈਂਦੈ, ਜਸਟ ਫਾਰਮੈਲਟੀ ਕਰਨੀ ਪਵੇਗੀ।

ਬਖਤੌਰ : ਜੇ ਮੈਂ ਇਦਾਂ ਕਰਾਂ ਕਿ ਮੈਂ ਸਿੱਧਾ ਈ ਕੇਵਲ ਸਿੰਘ ਨੂੰ ਲਿਖ ਕੇ ਚੈਲਿੰਜ ਕਰ ਦੇਵਾਂ- ਆ ਵੇਖ ਲੈ ਇਲੈਕਸ਼ਨ ਲੜ੍ਹ ਕੇ।

ਪ੍ਰਿੰਸੀਪਲ : ਇਹ ਕੋਈ ਤਰੀਕਾ ਨਹੀਂ, ਆਫਟਰ ਆਲ ਰੂਲਜ਼ ਦੀ ਵੀ ਕੋਈ ਗੱਲ ਹੁੰਦੀ ਏ।

ਬਖਤੌਰ : ਲਿੱਦ ਈ ਕਰ ਗਏ ਹੋ ਸਰ ਜੀ।

ਪ੍ਰਿੰਸੀਪਲ : ਬਖਤੌਰ ਸਿੰਘ, ਆਪਣੀ ਬੋਲੀ ਨੂੰ ਸੁਧਾਰੋ।



ਜੇਤਲੀ : ਹਾਂ, ਆਪਣੀ ਬੋਲੀ ਨੂੰ ਪਾਲਸ਼ ਕਰੋ ਬਖਤੌਰ ਸਿੰਘ ਜੀ।

ਬਖਤੌਰ : ਆਪਣੀ ਬੋਲੀ ਤਾਂ ਫਿਰ ਭੀ ਠੀਕ ਏ। ਬੋਲੀ ਤਾਂ ਸੀ ਮੇਰੇ ਬੁੜੇ ਦੀ। ਬੜੀ ਗੰਦੀ ਬੋਲੀ ਸੀ ਉਹਦੀ। ਫੌਜੀ ਸੀ, ਜਦੋਂ ਛੁੱਟੀ ਆਉਂਦਾ ਤਾਂ ਸਾਰਿਆਂ ਦੀ ਬੜੀ ਪਰੇਡ ਕਰਾਉਂਦਾ ਸੀ। ਇੱਕ ਵਾਰ ਮੈਥੋਂ ਕੋਈ ਗਲਤੀ ਹੋ ਗਈ, ਮੇਰਾ ਬੁੜਾ ਮੈਨੂੰ ਘਸੀਟਦਾ ਘਸੀਟਦਾ ਤੂੜੀ ਵਾਲੇ ਕੋਠੇ ਲੈ ਗਿਆ ਤੇ ਮੇਰੀ ਚੰਗੀ ਢੋਲਕੀ ਵਜਾਈ ਉਹਨੇ।

ਜੇਤਲੀ : ਤੈਨੂੰ ਤਾਂ ਅਹਿਸਾਨਮੰਦ ਹੋਣਾ ਚਾਹੀਦਾ ਆਪਣੇ ਫਾਦਰ ਦਾ। ਉਹਦੇ ਕਰਕੇ ਤੈਨੂੰ ਸਾਬਕਾ ਫੌਜੀਆਂ ਦੇ ਕੋਟੇ ਵਿੱਚ ਸਰਵਿਸ ਮਿਲ ਗਈ।

ਬਖਤੌਰ : ਆਹ ਗੱਲ ਤਾਂ ਸੋਲਾਂ ਆਨੇ ਸੱਚ ਏ। ਸਰਵਿਸ ਨਾ ਮਿਲਦੀ ਤਾਂ ਮੈਂ ਵੀ ਕਿਤੇ ਬਜਾਰ ਵਿੱਚ ਝਟਕਈ ਦੀ ਦੁਕਾਨ ਖੋਹਲ ਕੇ ਬੱਕਰੇ ਵੱਢਦਾ ਹੋਣਾ ਸੀ ਐਸ ਵੇਲੇ। ਹੁਣ ਅਰਾਮ ਨਾਲ ਕੁਰਸੀ ਤੇ ਬੈਠੇ ਆਂ।

ਜੇਤਲੀ : ਨਾਲੇ ਹੁਣ ਸਟਾਫ਼ ਸਕੱਤਰੀ ਵੀ ਮਿਲਣ ਵਾਲੀ ਏ, ਸੋਨੇ ਤੇ ਸੁਹਾਗਾ।

ਬਖਤੌਰ : ਜੇਤਲੀ, ਤੂੰ ਅਡਵਾਂਸ ਈ ਵਧਾਈ ਦੇ ਦਿੱਤੀ, ਤੇਰੇ ਮੂੰਹ ਵਿੱਚ ਪਏ ਸ਼ੱਕਰ।

ਪ੍ਰਿੰਸੀਪਲ : ਠੀਕ ਏ ਬਖਤੌਰ ਸਿੰਘ, ਤੂੰ ਕਰ ਜੋੜ ਤੋੜ। ਇਧਰ ਮੈਂ ਨੋਟਿਸ ਕੱਢ ਕੇ ਨੋਟਿਸ ਬੋਰਡ ਤੇ ਲਗਵਾ ਦੇਨਾਂ।

ਬਖਤੌਰ : ਠੀਕ ਏ ਸਰ ਜੀ, ਤੁਸੀਂ ਲਿੱਖ ਕੇ ਚਾਰ ਕੁ ਅੱਖਰ ਲਾ ਦਿਉ ਬੋਰਡ ਤੇ। ਵੇਖਿਉ, ਕੁੱਤੀਆਂ ਗਹੀਰੇ ਚੜ੍ਹਾ ਦਿਆਂਗਾ।

ਪ੍ਰਿੰਸੀਪਲ : ਬੈਸਟ ਆਫ ਲੱਕ (ਬਖਤੌਰ ਜਾਂਦਾ ਹੈ)

ਜੇਤਲੀ : ਸਰ ਜੀ ਇੱਕ ਬੇਨਤੀ ਕਰਨੀ ਚਾਹੁੰਦਾ.....

ਪ੍ਰਿੰਸੀਪਲ : ਹਾਂ ਹਾਂ ਬੋਲੋ, ਤੁਹਾਡੇ ਪ੍ਰਤੀ ਮੇਰੇ ਮਨ 'ਚ ਬਹੁਤ ਰਿਗਾਰਡ ਏ।

ਜੇਤਲੀ : ਹੋ ਸਕਦੈ ਤੁਹਾਡੇ ਕਰਕੇ ਯਾਨੀ ਇਸ ਕੁਰਸੀ ਕਰਕੇ ਬਖਤੌਰਾ ਜਿੱਤ ਵੀ ਜਾਵੇ ਪਰ....ਹੈ ਇਹ ਪੂਰਾ ਪਾਗਲ। ਇਸ ਤੋਂ ਵੱਡਾ ਪਾਗਲ ਮੈਂ ਆਪਣੇ ਮਹਿਕਮੇ ਵਿੱਚ ਨਹੀਂ ਵੇਖਿਆ।

ਪ੍ਰਿੰਸੀਪਲ : ਸਾਨੂੰ ਪਾਗਲ ਦੀ ਹੀ ਲੋੜ ਹੈ। ਕੇਵਲ ਸਿੰਘ ਦੇ ਤਿੱਖੇ ਤੀਰਾਂ ਦਾ ਮੁਕਾਬਲਾ ਬਖਤੌਰ ਵਰਗਾ ਭੌਂਕੂ ਹੀ ਕਰ ਸਕਦੈ।

ਜੇਤਲੀ : ਮੰਨ ਗਏ ਉਸਤਾਦ ਜੀ।

ਪ੍ਰਿੰਸੀਪਲ : ਇਸੇ ਕਰਕੇ ਬਖਤੌਰ ਸਿੰਘ ਨੂੰ ਜਿਤਾਈਏ ਤੇ ਕੇਵਲ ਸਿੰਘ ਦੇ ਪੈਰਾਂ ਹੇਠੋਂ ਜਮੀਨ ਖਿਸਕ ਜਾਵੇਗੀ।

ਜੇਤਲੀ : ਤੁਹਾਡੇ ਹੁਕਮ ਦੀ ਤਮੀਲ ਹੋਵੇਗੀ ਸਰ ਜੀ। (ਦੋਵੇਂ ਹੱਸਦੇ ਹਨ)

ਸੂਤਰਧਾਰ : ਸਕੂਲ ਵਿੱਚ ਸਟਾਫ਼ ਸਕੱਤਰ ਦੀ ਚੋਣ ਸਬੰਧੀ ਸਰਗਰਮੀਆਂ ਤੇਜ਼ ਹੋ ਗਈਆਂ। ਮਹਿਕਮੇ ਵੱਲੋਂ ਦਾਜ ਪ੍ਰਥਾ ਜਿਹੀ ਸਮਾਜਿਕ ਲਾਹਣਤ ਉਪਰ ਸਕੂਲਾਂ ਵਿੱਚ ਸੈਮੀਨਾਰ ਕਰਵਾਉਣ ਦਾ ਪੱਤਰ ਜਾਰੀ ਕੀਤਾ ਗਿਆ। ਸਕੂਲ ਦੀ ਮਾਰਨਿੰਗ ਅਸੈਂਬਲੀ ਦਾ ਦ੍ਰਿਸ਼।

ਪ੍ਰਿੰਸੀਪਲ : ਸਟਾਫ਼ ਸਾਥੀਓ ਤੇ ਪਿਆਰੇ ਬੱਚਿਓ, ਮਹਿਕਮੇ ਵੱਲੋਂ ਹੁਕਮ ਪ੍ਰਾਪਤ ਹੋਇਆ ਹੈ ਕਿ ਦਾਜ ਜਿਹੀ ਲਾਹਣਤ ਉਪਰ ਸਵੇਰ ਦੀ ਸਭਾ ਵਿੱਚ ਕੁੱਝ ਬੋਲਿਆ ਜਾਵੇ। ਕੋਈ ਸਟਾਫ਼ ਮੈਂਬਰ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ।

ਕੇਵਲ ਸਿੰਘ : ਸਰ, ਦੋ ਕੁ ਮਿੰਟ ਮੈਂ ਸੰਬੋਧਨ ਕਰਨਾ ਚਾਹੁੰਦਾਂ।

ਪ੍ਰਿੰਸੀਪਲ : ਹਾਂ ਹਾਂ ਕਰੋ।

ਕੇਵਲ ਸਿੰਘ : ਆਪਣੀ ਕਵਿਤਾ ਦਾ ਕੁੱਝ ਹਿੱਸਾ ਸੁਣਾ ਰਿਹਾਂ। ਵਿਆਹ ਤੋਂ ਪਹਿਲਾਂ ਲੜਕੇ ਦੇ ਮਾਤਾ ਪਿਤਾ ਕਿਵੇਂ ਬੋਲਦੇ ਹਨ :

ਸਾਫ਼ ਸਾਫ਼ ਮੈਂ ਆਖਾਂ, ਕੁੜੀ ਤਾਂ ਜਾਪੇ ਭੈਂਗੀ।
ਨੈਣ ਨਕਸ਼ ਨੇ ਟੋਏ ਟਿੱਬੇ, ਸਾਡੇ ਲਈ ਇਹ ਸਾਂਝ ਮਹਿੰਗੀ।
ਪਰ ਜੇ ਦੇ ਦਿਓ ਸਵਿਫਟ ਕਾਰ, ਚੱਲ ਜਾਏਗੀ ਇਹੋ ਮੁਟਿਆਰ।
ਸਾਡੇ ਤੇ ਇਤਬਾਰ ਕਰੋ, ਤੁਹਾਡੀ ਕੁੜੀ ਕਰੇਗੀ ਐਸ਼।
ਪਰ ਐਸ਼ ਗੱਲੀਂਬਾਤੀ ਹੋਣੀ ਨਹੀਂ, ਝੋਲੀ ਸੁੱਟ ਦਿਓ ਦਸ ਲੱਖ ਕੈਸ਼।

(ਕੇਵਲ ਸਿੰਘ ਮੂਕ ਅਭਿਨੈ ਰਾਹੀਂ ਸੰਬੋਧਨ ਕਰਦਾ ਜਾਪਦਾ ਹੈ)

ਬਖਤੌਰ : (ਪ੍ਰਿੰਸੀਪਲ ਨੂੰ) ਇਹ ਤਾਂ ਸਾਲਾ ਫੱਟੇ ਚੱਕੀ ਜਾਂਦੈ। ਸਿਆਣੇ ਬੰਦੇ ਨਾ ਖਿੱਚ ਲਵੇ ਜਿਵੇਂ ਲੱਛੇਦਾਰ ਭਾਸ਼ਣ ਦੇ ਕੇ ਲੀਡਰ ਵੋਟਾਂ ਖਿੱਚ ਜਾਂਦੇ ਨੇ।

ਪ੍ਰਿੰਸੀਪਲ : ਬਖਤੌਰ ਸਿੰਘ, ਤੈਨੂੰ ਕੋਈ ਆਉਂਦੀ ਏ ਕਵਿਤਾ?

ਬਖਤੌਰ : ਇੱਕ ਆਉਂਦੀ ਏ ਛੋਟੀ ਜਿਹੀ। ਸੁਣਾ ਦੇਵਾਂ?

ਪ੍ਰਿੰਸੀਪਲ : ਜ਼ਰੂਰ ਜ਼ਰੂਰ, ਕੇਵਲ ਸਿੰਘ ਦਾ ਅਸਰ ਕੁੱਝ ਤਾਂ ਘਟੇਗਾ। (ਹਾਜ਼ਰੀਨ ਨੂੰ)

ਹੁਣ ਬਖਤੌਰ ਸਿੰਘ ਵੀ ਹਾਜ਼ਰੀ ਭਰਨ ਆ ਰਹੇ ਨੇ।

ਬਖਤੌਰ : ਕਵਿਤਾ ਇੰਜ ਬੋਲਦੀ ਏ :

ਲੰਡਾ ਊਠ ਦਾਜ ਵਿੱਚ ਲੈ ਗਈ, ਭੈਣ ਬਖਤੌਰੇ ਜੱਟ ਦੀ।
ਲੰਡੇ ਊਠ ਨੂੰ ਸ਼ਰਾਬ ਪਿਆਵੇ, ਭੈਣ ਬਖਤੌਰੇ ਜੱਟ ਦੀ।
ਸੰਮਾਂ ਵਾਲੀ ਡਾਂਗ ਦਾਜ ਵਿੱਚ ਆਈ,



ਜਿਥੇ ਵੱਜਦੀ ਬਦਲ ਵਾਂਗ ਗੱਜਦੀ, ਭੈਣ ਬਖਤੌਰੇ ਜੱਟ ਦੀ।
ਤਾੜੀਆਂ ਤਾਂ ਮਾਰ ਦਿਓ, ਐਧਰ ਮੇਰਾ ਸਾਰਾ ਜ਼ੋਰ ਲੱਗ ਗਿਐ।

(ਤਾੜੀਆਂ ਦੀ ਆਵਾਜ਼)

ਅੱਜ ਇੰਨੀ ਕੁ ਮਨਜ਼ੂਰ ਕਰੋ, ਰਹਿੰਦੀ ਕਸਰ ਫਿਰ ਕਿਤੇ ਕੱਢ ਲਾਂਗੇ।

(ਰੋਸ਼ਨੀ ਬੁੱਝ ਕੇ ਮੱਧਮ ਜਿਹੀ ਰੋਸ਼ਨੀ ਪੈਂਦੀ ਹੈ)

ਪਿੱਛੋਂ ਆਵਾਜ਼ : ਸਕੂਲ ਵਿੱਚ ਪੜ੍ਹਾਈ ਦਾ ਕੰਮ ਠੱਪ ਹੋ ਗਿਆ। ਅਧਿਆਪਕ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਵਿਅੰਗ ਬਾਣ ਛੱਡਣ ਲੱਗੇ। ਇੱਕ ਦੂਜੇ ਦੇ ਦਿਲ ਨੂੰ ਟੋਂਹਦੇ ਕਿ ਵੋਟ ਕਿੱਧਰ ਜਾਵੇਗੀ। ਨਾਲਾਇਕ ਵਿਦਿਆਰਥੀਆਂ ਨੂੰ ਤਾਂ ਮੌਜਾਂ ਲੱਗ ਗਈਆਂ, ਨਾ ਪੜ੍ਹਣ ਦਾ ਫਿਕਰ, ਨਾ ਸੁਨਾਉਣ ਦਾ। ਪੂਰੇ ਸਕੂਲ ਵਿੱਚ ਮੇਲੇ ਵਰਗਾ ਮਾਹੌਲ ਹੋ ਗਿਆ। ਕੰਟੀਨ ਵਿੱਚ ਭਾਰੀ ਰਸ਼ ਪੈਣ ਲੱਗਾ।

(ਸਟੇਜ ਤੇ ਰੋਸ਼ਨੀ ਥੋੜੀ ਜਿਹੀ ਤੇਜ਼ ਪੈਂਦੀ ਹੈ)

ਜੇਤਲੀ : ਢਿੱਲੋਂ, ਵੋਟਾਂ ਦਾ ਸੁਣਾ।

ਢਿੱਲੋਂ : ਕੀ ਕਰੀਏ, ਬੜੇ ਕਸੂਤੇ ਫਸੇ ਆਂ। ਵਾਈਸ ਪ੍ਰਿੰਸੀਪਲ ਕੇਵਲ ਸਿੰਘ ਬੰਦਾ ਏ ਸਿਧਾਂਤਾਂ ਵਾਲਾ। ਵੋਟ ਦਾ ਹੱਕਦਾਰ ਤਾਂ ਉਹੀ ਏ ਪਰ ਦੂਜੇ ਪਾਸੇ ਬਖਤੌਰਾ....ਜੂਠ ਜਮਾਨੇ ਦੀਏ.... ਪਰ ਪ੍ਰਿੰਸੀਪਲ ਸਾਹਿਬ ਉਹਦੀ ਬੈਕ ਤੇ ਨੇ। ਪ੍ਰਿੰਸੀਪਲ ਸਾਹਿਬ ਨੂੰ ਵੀ ਨਰਾਜ ਨਹੀਂ ਕਰ ਸਕਦੇ। ਨਾਲੇ ਕੁਰਸੀ ਨਾਲ ਪੰਗਾ ਲੈਣਾ ਮੂਰਖਤਾ ਏ। ਫਾਹ ਈ ਪੈ ਗਿਆ ਵੋਟਾਂ ਦਾ।

ਜੇਤਲੀ : ਪੜ੍ਹਾਈ ਦਾ ਤਾਂ ਪੱਤਾ ਈ ਸਾਫ ਹੋ ਗਿਐ। ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਦੀ ਸੁਲਾਹ ਹੋ ਜਾਏ ਤਾਂ ਸਾਡੀ ਸਿਰਦਰਦੀ ਖਤਮ ਹੋਵੇ।

ਢਿੱਲੋਂ : ਇਹਨਾਂ ਦੀ ਸੁਲਾਹ ਨਹੀਂ ਹੋ ਸਕਦੀ। ਪ੍ਰਿੰਸੀਪਲ ਸਾਹਿਬ ਤਾਂ ਹੈਨ ਐਸ਼ ਕੈਸ਼ ਸਰਕਾਰ, ਦੂਜੇ ਪਾਸੇ ਕੇਵਲ ਸਿੰਘ ਇੱਕ ਕਵੀ ਏ ਜੋ ਸੱਚ ਲਿਖਣ ਤੋਂ ਡਰਦਾ ਹੀ ਨਹੀਂ।

ਜੇਤਲੀ : ਬਿਮਾਰੀ ਵੀ ਤਾਂ ਇਹੋ ਈ ਏ। ਕੇਵਲ ਸਿੰਘ ਦਾ ਸਟੇਸ਼ਨ ਈ ਸ਼ੁਰੂ ਹੁੰਦੈ ਰੂਸ ਜਾਂ ਚੀਨ ਤੋਂ।

(ਸਕੂਲ ਦੀ ਘੰਟੀ ਦੀ ਆਵਾਜ਼ ਆਉਂਦੀ ਹੈ।)

ਆਵਾਜ਼ਾਂ : ਛੁੱਟੀ....ਛੁੱਟੀ....ਛੁੱਟੀ, ਨੇਤਾ ਮਰ ਗਿਐ।

ਜੇਤਲੀ : ਆਓ ਦਫ਼ਤਰ ਚਲੀਏ (ਰੋਸ਼ਨੀ ਬੁੱਝ ਕੇ ਜਗਦੀ ਹੈ, ਸਕੂਲ ਦਾ ਦਫ਼ਤਰ ਨਜ਼ਰੀ ਪੈਂਦਾ ਹੈ)

ਪ੍ਰਿੰਸੀਪਲ : ਇਲਾਕੇ ਦੀ ਲੀਡਰ ਦੀ ਮੌਤ ਹੋ ਗਈ ਏ। ਸਟਾਫ਼ ਤੇ ਵਿਦਿਆਰਥੀਆਂ ਨੇ ਕੱਠੇ ਹੋ ਕੇ ਮੋਨ ਧਾਰ ਕੇ ਵਿਛੜੇ ਲੀਡਰ ਨੂੰ ਸ਼ਰਧਾਂਜਲੀ ਦੇਣੀ ਸੀ। ਸਕੂਲ ਦਾ ਗੇਟ ਵੀ ਬੰਦ ਸੀ ਪਰ ਨਿਆਣੇ ਇੰਨੇ ਚਵਲ ਨਿਕਲੇ ਕਿ ਵੇਖਦੇ ਵੇਖਦੇ ਕੰਧਾਂ ਟੱਪ ਕੇ ਤਿੱਤਰ ਹੋ ਗਏ।

ਬਖਤੌਰ : ਸਰ ਜੀ, ਆਪਾਂ ਦਫ਼ਤਰ ਵਿੱਚ ਹੀ ਮੋਨ ਧਾਰ ਲਈਏ।

ਪ੍ਰਿੰਸੀਪਲ : ਹੋਰ ਹੋ ਕੀ ਸਕਦਾ? ਦੋ ਮਿੰਟ ਦਾ ਮੋਨ ਧਾਰ ਲਈਏ ਸਾਰੇ।

ਬਖਤੌਰ : ਦੋ ਮਿੰਟ ਚੁੱਪ ਕਰਕੇ ਕੌਣ ਖੜ੍ਹਾ ਰਹੇ, ਆਪਾਂ ਇੱਕ ਮਿੰਟ ਦਾ ਹੀ ਮੋਨ ਧਾਰ ਲਈਏ। ਕਿਹੜਾ ਲੀਡਰ ਵੇਖਦਾ ਪਿਐ।

ਪ੍ਰਿੰਸੀਪਲ : ਨੋ ਨੋ, ਮੋਨ ਦੋ ਮਿੰਟ ਦਾ ਹੀ ਹੁੰਦੈ।

ਬਖਤੌਰ : ਦੋ ਮਿੰਟ ਦੇ ਮੋਨ ਨਾਲ ਕਿਹੜਾ ਲੀਡਰ ਜੀਂਦਾ ਹੋ ਜਾਏਗਾ। ਬਾਕੀ ਜਿਵੇਂ ਤੁਹਾਡਾ ਆਰਡਰ.....

(ਸਾਰੇ ਮੋਨ ਧਾਰਦੇ ਹਨ)

ਢਿੱਲੋਂ : ਲੀਡਰ ਬੰਦਾ ਬੜਾ ਚੰਗਾ ਸੀ, ਸਾਰੀ ਉਮਰ ਲੋਕਾਂ ਦੇ ਕੰਮ ਆਉਂਦਾ ਰਿਹੈ ਤੇ ਜਾਂਦੇ ਜਾਂਦੇ ਛੁੱਟੀ ਵੀ ਕਰਾ ਗਿਐ।

(ਫ਼ੂਨ ਦੀ ਘੰਟੀ ਦੀ ਆਵਾਜ਼)

ਹੈਲੋ, ਮੈਂ ਘਰ ਆ ਰਿਹਾਂ। ਲੀਡਰ ਗੱਡੀ ਚੜ੍ਹ ਗਿਐ, ਛੁੱਟੀ ਦਾ ਫਾਇਦਾ ਲੈ ਲਈਏ। ਕਸ਼ਮੀਰੇ ਨੂੰ ਭੇਜ ਦੇ ਪਾਣੀ ਲਾਉਣ ਨਹਿਰ ਵਾਲੀ ਪੈਲੀ ਤੇ, ਸ਼ਾਮਾਂ ਨੂੰ ਉਹਨੂੰ ਮੈਂ ਆਪੇ ਟੱਲੀ ਕਰ ਦਿਆਂਗਾ। ਮੈਂ ਸਲੰਡਰ ਲੈ ਕੇ ਆਇਆ।

ਕੇਵਲ ਸਿੰਘ : ਕੁੱਝ ਚੰਗਾ ਨਹੀਂ ਲੱਗਦਾ ਇਹ ਸਿਸਟਮ। ਇੱਕ ਤਾਂ ਲੀਡਰ ਦੀ ਮੌਤ ਹੋ ਗਈ ਤੇ ਦੂਜਾ ਛੁੱਟੀ! ਇਹ ਕੀ? ਰੂਸ ਵਿੱਚ ਜਿਸ ਦਿਨ ਮਹਾਨ ਨੇਤਾ ਲੈਨਿਨ ਦੀ ਮੌਤ ਹੋਈ ਤਾਂ ਉਹਦੇ ਵਰਕਰਾਂ ਨੇ ਚਾਰ ਘੰਟੇ ਫਰੀ ਕੰਮ ਕਰਕੇ ਆਪਣੇ ਨੇਤਾ ਨੂੰ ਸੱਚੀ ਸ਼ਰਧਾਂਜਲੀ ਦਿੱਤੀ।

ਬਖਤੌਰ : ਕੇਵਲ ਸਿੰਘ, ਸਿਰਫ ਤੈਨੂੰ ਛੁੱਟੀ ਨਹੀਂ ਪਸੰਦ। ਤੇਰਾ ਵੱਸ ਚੱਲੇ ਤਾਂ ਤੂੰ ਐਤਵਾਰ ਵੀ ਸਕੂਲ ਲਵਾ ਦਿਆ ਕਰੇਂ।

ਪ੍ਰਿੰਸੀਪਲ : ਅਸੀਂ ਕਿਹੜਾ ਛੁੱਟੀ ਆਪਣੇ ਆਪ ਕੀਤੀ ਏ, ਇਹ ਸਰਕਾਰੀ ਆਰਡਰ ਏ ਐਂਡ ਆਰਡਰ ਇਜ਼ ਆਰਡਰ।

ਜੇਤਲੀ : ਸਰ ਜੀ, ਠੰਡ ਬੜੀ ਏ। ਸਕੂਲ ਦੇ ਖਾਤੇ ਚੋਂ ਚਾਹ ਹੀ ਪਿਆ ਦਿਓ।

ਪ੍ਰਿੰਸੀਪਲ : ਕੋਈ ਗੱਲ ਨਹੀਂ, ਪੀਅਨ ਨੂੰ ਆਖੋ ਸਾਰਿਆਂ ਲਈ ਚਾਹ ਲੈ ਆਏ।

ਬਖਤੌਰ : ਛੱਡੋ ਜੀ, ਚਾਹ ਦਾ ਕੀ ਪੀਣੈਂ। ਅੰਦਰ ਸਾੜ ਲਿਆ ਚਾਹ ਪੀ ਪੀ ਕੇ। ਅੱਜ ਚਲੇਗਾ ਪੈਪਸੀ ਤੇ ਚੱਲੇਗਾ ਵੀ ਮੇਰੇ ਪੱਲਿਓਂ।



ਪ੍ਰਿੰਸੀਪਲ : (ਹੈਰਾਨੀ ਵਿੱਚ) ਪੈਪਸੀ? ਇਹ ਕੀ?

ਕੇਵਲ ਸਿੰਘ : ਇਲਾਕੇ ਦੇ ਲੀਡਰ ਦੀ ਮੌਤ ਹੋਈ ਏ। ਇੱਕ ਪਾਸੇ ਮੋਨ ਧਾਰਦੇ ਪਏ ਸੀ ਤੇ ਦੂਜੇ ਪਾਸੇ ਪੈਪਸੀ ਪੀਣ ਦੀ ਗੱਲ ਚਲਾ ਦਿੱਤੀ। ਇਹ ਸਭ ਕੀ ਏ ਪ੍ਰਿੰਸੀਪਲ ਸਾਹਿਬ?

ਜੇਤਲੀ : ਸਰਦੀ ਤਾਂ ਅੱਗੇ ਬੜੀ ਏ ਤੇ ਉੱਤੋਂ ਪੈਪਸੀ....ਜੋੜਾਂ ਵਿੱਚ ਬਹਿ ਜਾਵੇਗਾ।

ਬਖਤੌਰ : ਘਬਰਾ ਨਾ, ਪੈਪਸੀ ਨਾਲ ਤੇਰੀ ਸਰਦੀ ਦੂਰ ਨਾ ਹੋਈ ਤਾਂ ਆਖੀਂ। ਨਾਲੇ ਸਰਦੀ ਨੂੰ ਸਰਦੀ ਹੀ ਕੱਟਦੀ ਏ। (ਜੇਤਲੀ ਦੇ ਕੰਨ ਵਿੱਚ) ਜੋ ਗਲਾਸ ਤੇਰੇ ਮੇਰੇ ਕੋਲ ਆਉਣਗੇ ਪੈਪਸੀ ਦੇ, ਉਹਨਾਂ ਨੂੰ ਟੀਕਾ ਲੱਗਾ ਹੋਵੇਗਾ। ਸਮਝੇ?

ਜੇਤਲੀ : ਠੀਕ ਏ ਸਾਥੀਓ, ਬਖਤੌਰ ਸਿੰਘ ਯੂ.ਐਸ.ਏ. ਦੀ ਕੰਪਨੀ ਦਾ ਪੈਪਸੀ ਪਿਆਉਣ ਲੱਗਾ ਏ, ਜਿਹਦੀ ਤਸੀਰ ਗਰਮ ਹੁੰਦੀ ਏ।

ਕੇਵਲ ਸਿੰਘ : ਪਰ ਇਹ ਗਲਤ ਏ।

ਬਖਤੌਰ : ਪੈਪਸੀ ਪੀਣਾ ਵੀ ਗਲਤ ਹੋ ਗਿਐ। ਪ੍ਰਿੰਸੀਪਲ ਸਾਹਿਬ ਪੀਣਾ ਚਾਹੁੰਦੇ ਨੇ, ਸਟਾਫ ਪੀਣਾ ਚਾਹੁੰਦੈ। ਤੂੰ ਨਹੀਂ ਪੀਣਾ ਤਾ ਨਾ ਪੀ।

ਕੇਵਲ ਸਿੰਘ : ਮੈਂ ਤੇ ਮੇਰੇ ਸਾਥੀ ਨਹੀਂ ਪੀਣਗੇ ਤੇਰਾ ਪੈਪਸੀ।

(ਕੇਵਲ ਸਿੰਘ ਅਤੇ ਕੁਝ ਸਟਾਫ਼ ਮੈਂਬਰ ਚਲੇ ਜਾਂਦੇ ਹਨ)

ਬਖਤੌਰ : ਨਹੀਂ ਪੀਣਾ ਤਾਂ ਨਾ ਪੀ। ਪਿੱਛੇ ਪੰਦਰਾਂ ਸੋਲਾਂ ਸਾਥੀ ਬਾਕੀ ਬੈਠੇ ਨੇ, ਲਉ ਬਈ ਆ ਰਿਹੈ ਪੈਪਸੀ ਵਧੀਆ ਗਲਾਸਾਂ ਵਿੱਚ (ਪੀਅਨ ਪੈਪਸੀ ਦੇ ਭਰੇ ਗਲਾਸ ਹਾਜ਼ਰ ਸਟਾਫ਼ ਮੈਂਬਰਾਂ ਤੱਕ ਪਹੁੰਚਾਉਂਦਾ ਹੈ) ਲਉ ਚੀਅਰਸ....ਲੀਡਰ ਮਰ ਗਿਐ, ਕੋਈ ਅਸਮਾਨ ਤਾਂ ਡਿੱਗ ਪਿਆ, ਸੌ ਸਾਲ ਦਾ ਹੋ ਕੇ ਮਰਿਐ, ਦੋ ਬੰਦਿਆਂ ਜਿੰਨੀ ਉਮਰ ਪੂਰੀ ਕਰ ਕੇ ਗਿਐ। ਥੈਂਕ ਯੂ ਸਾਥੀਓ।

(ਪ੍ਰਿੰਸੀਪਲ ਅਤੇ ਬਖਤੌਰੇ ਤੋਂ ਬਿਨਾਂ ਬਾਕੀ ਸਟਾਫ਼ ਮੈਂਬਰ ਚਲੇ ਜਾਂਦੇ ਹਨ)

ਪ੍ਰਿੰਸੀਪਲ : ਬਖਤੌਰ ਸਿੰਘ, ਆਹ ਪੈਪਸੀ ਦਾ ਕੀ ਚੱਕਰ ਸੀ?

ਬਖਤੌਰ : ਜੀ ਵੋਟ, ਕੇਵਲ ਸਿੰਘ ਤੇ ਉਹਦੇ ਦਸ ਯਾਰ ਅਲੱਗ ਥਲੱਗ ਹੋ ਗਏ। ਬਾਕੀ ਇਹਨਾਂ ਦਸਾਂ ਵਿੱਚ ਵੀ ਸੰਨ੍ਹ ਲਾਵਾਂਗਾ ਤੇ ਕੇਵਲ ਸਿੰਘ ਨੂੰ ਧੂੜ ਚਟਾ ਕੇ ਛਡਾਂਗਾ। ਇਹਨੂੰ ਕਹਿੰਦੇ ਨੇ ਲੋਕਤੰਤਰ।

ਪ੍ਰਿੰਸੀਪਲ : ਵਾਹ! ਕਮਾਲ ਕਰ ਦਿੱਤੀ ਬਖਤੌਰ ਸਿੰਘ।

ਬਖਤੌਰ : ਅਜੇ ਤਾਂ ਗੱਡੀ ਸਟਾਰਟ ਹੋਈ ਏ, ਜ਼ਰਾ ਸਪੀਡਾਂ ਫੜਨ ਦਿਓ, ਫਿਰ ਵੇਖਿਓ....ਢੋਲਕੀ ਵਜਾ ਦਿਆਂਗਾ ਢੋਲਕੀ।

(ਰੋਸ਼ਨੀ ਬੁੱਝ ਕੇ ਮੱਧਮ ਰੋਸ਼ਨੀ ਸਟੇਜ ਤੇ ਪੈਂਦੀ ਹੈ)

ਪਿੱਛੋਂ ਆਵਾਜ਼ : ਕਿਤੇ ਪੈਪਸੀ, ਕਿਤੇ ਚਾਹ ਅਤੇ ਕਿਤੇ ਦਾਰੂ। ਦੋਵੇਂ ਉਮੀਦਵਾਰ ਹਰ ਸਟਾਫ਼ ਮੈਂਬਰ ਦੇ ਘਰਾਂ ਤੱਕ ਪਹੁੰਚ ਕਰਨ ਲੱਗੇ। ਸਕੂਲ ਦੇ ਚਾਰੇ ਸੇਵਾਦਾਰ ਬਖਤੌਰੇ ਦੇ ਘਰ ਦੇ ਇੰਚਾਰਜ ਬਣ ਗਏ। ਛੇਵਾਂ ਦਰਿਆ ਛੱਲਾਂ ਮਾਰਨ ਲੱਗਾ। ਇਲੈਕਸ਼ਨ ਤੋਂ ਦੋ ਦਿਨ ਪਹਿਲਾਂ.....

(ਸਟੇਜ ਦੇ ਇੱਕ ਪਾਸੇ ਤੇਜ਼ ਰੋਸ਼ਨੀ ਪੈਂਦੀ ਹੈ)

ਪ੍ਰਿੰਸੀਪਲ : (ਬਖਤੌਰ ਸਿੰਘ ਨੂੰ) ਪੁਜੀਸ਼ਨ ਠੀਕ ਏ ਨਾ?

ਬਖਤੌਰ : ਮੈਂ ਕਿਹੈ ਹਨੇਰੀਆਂ ਲਿਆ ਦਿਆਂਗੇ ਹਨੇਰੀਆਂ। ਆਹ ਕਾਗਜ ਕਾਹਦਾ ਫੜਿਐ?

ਪ੍ਰਿੰਸੀਪਲ : ਆਪਣੇ ਮਹਿਕਮੇ ਵੱਲੋਂ ਆਇਐ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਬਾਰੇ। ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਫਲਸਫ਼ੇ ਬਾਰੇ ਸਵੇਰੇ ਪ੍ਰਾਰਥਨਾ ਵਿੱਚ ਗੱਲ ਕਰਨੀ ਪੈਣੀ ਏ।

ਬਖਤੌਰ : ਪ੍ਰਿੰਸੀਪਲ ਸਾਹਿਬ, ਤੁਸੀਂ ਬੋਲਿਓ ਬਾਬੇ ਨਾਨਕ ਬਾਰੇ।

ਪ੍ਰਿੰਸੀਪਲ : ਨਹੀਂ, ਅਸੀਂ ਮੈਥ ਵਾਲੇ ਬੰਦੇ ਭਾਸ਼ਣ ਨਹੀਂ ਕਰ ਸਕਦੇ। ਬਖਤੌਰ ਸਿੰਘ ਜੀ, ਤੁਸੀਂ ਕੁੱਝ ਬੋਲੋਗੇ?

ਬਖਤੌਰ : ਸਭ ਤੋਂ ਪਹਿਲਾਂ ਮੈਂ ਈ ਬੋਲਾਂਗਾ ਠੋਕ ਵਜਾ ਕੇ। ਮੇਰੇ ਬਾਅਦ ਕੇਵਲ ਸਿੰਘ ਕਵੀ ਕੀ ਬੋਲ ਸਕੇਗਾ।

ਪ੍ਰਿੰਸੀਪਲ : ਕੇਵਲ ਸਿੰਘ ਗੱਲ ਬੜੀ ਵੱਖੀ ਚੋਂ ਕੱਢ ਕੇ ਮਾਰਦੈ, ਜ਼ਰਾ ਗੱਜ ਵੱਜ ਕੇ ਬੋਲਣਾ।

ਬਖਤੌਰ : ਹਨੇਰੀਆਂ ਲਿਆ ਦਿਆਂਗੇ ਹਨੇਰੀਆਂ।

ਪ੍ਰਿੰਸੀਪਲ : ਸ਼ੁਰੂ ਕਰ ਦਿਓ ਬਖਤੌਰ ਸਿੰਘ ਜੀ।

ਬਖਤੌਰ : ਪ੍ਰਿੰਸੀਪਲ ਸਾਹਿਬ ਅਤੇ ਬਾਕੀ ਸਾਧ ਸੰਗਤ ਜੀ, ਬਾਬੇ ਨਾਨਕ ਨੂੰ ਯਾਦ ਕਰਕੇ ਬੋਲੋ- ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਬਾਬਾ ਨਾਨਕ ਰੱਬ ਸੀ ਜਿਹਨੇ ਸੱਜਨ ਠੱਗ ਨੂੰ ਬੰਦੇ ਦਾ ਪੁੱਤਰ ਬਣਾ ਦਿੱਤਾ। ਕੌਡੇ ਰਾਖਸ਼ ਨੂੰ ਕੌਡਾ ਕਰ ਦਿੱਤਾ। ਪੰਜੇ ਨਾਲ ਪਰਬਤ ਰੋਕ ਕੇ ਵਲੀ ਕੰਧਾਰੀ ਦੀ ਫੂਕ ਕੱਢ ਦਿੱਤੀ। ਜੈਕਾਰਾ ਛੱਡ ਦਿਓ- ਬੋਲੇ ਸੋ ਨਿਹਾਲ-

ਬਾਕੀ : ਸਤਿ ਸ੍ਰੀ ਅਕਾਲ।



ਕੇਵਲ ਸਿੰਘ : ਬਾਬੇ ਨਾਨਕ ਸਬੰਧੀ ਦੋ ਕੁ ਮਿੰਟ ਮੈਂ ਵੀ ਕੁੱਝ ਸ਼ਬਦ ਪੇਸ਼ ਕਰਨਾ ਚਾਹੁੰਦਾ।

ਪ੍ਰਿੰਸੀਪਲ : ਬਸ ਦੋ ਮਿੰਟ ਹੀ ਮਿਲਣੇ ਨੇ, ਐਵੇਂ ਖਿਲਾਰਾ ਨਾ ਪਾ ਲਿਓ।

ਕੇਵਲ ਸਿੰਘ : ਬਾਬਾ ਨਾਨਕ!

ਤੂੰ ਤਾਂ ਮਲਕ ਭਾਗੋ ਦੇ, ਸਵਾਦੀ ਸ਼ਾਹੀ ਖਾਣੇ ਠੁਕਰਾਏ।
ਲਾਲੋ ਦੀ ਸੁੱਕੀ ਰੋਟੀ ਖਾ ਕੇ, ਕਿਰਤੀ ਲੋਕ ਗਲ ਨਾਲ ਲਾਏ।
ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਮੁੱਖ ਥੀਂ ਇਹ ਬਚਨ ਸੁਣਾਏ।
ਪਰ ਬਾਬਾ, ਅੱਜ ਦੇ ਸਾਧਾਂ ਸੰਤਾਂ ਨੇ ਉੱਚੀ ਮਹਿਲੀਂ ਡੇਰੇ ਲਾਏ।
ਨਾਂ ਤਾਂ ਤੇਰਾ ਹੀ ਉਚਾਰਨ ਪਰ ਉਲਟੇ ਹੀ ਕੰਮ ਅਪਣਾਏ।
ਕਿੰਨਾ ਕਿਸੇ ਚੜ੍ਹਾਵਾ ਚਾੜਿਆ, ਗੋਲਕਾਂ ਦਾ ਜ਼ੋਰ ਹੈ।
ਗੋਲਕ ਨੂੰ ਤੋੜਣ ਲਈ, ਰੋਜ਼ ਪੈਦਾ ਹੁੰਦਾ ਇੱਕ ਚੋਰ ਹੈ।
ਆ ਜਾ ਬਾਬਾ ਨਾਨਕਾ, ਅੱਜ ਫਿਰ ਤੇਰੀ ਲੋੜ ਹੈ।
ਬਾਬੇ ਨਾਨਕ ਨੇ ਲਿੱਖਿਆ ਹੈ-ਵਿਦਿਆ ਵਿਚਾਰੀ ਤਾਂ ਪਰਉਪਕਾਰੀ।
ਵਿਦਿਆਰਥੀਓ, ਜੇ ਤੁਸੀਂ ਵਿਦਿਆ ਨੂੰ ਵਿਚਾਰੋਗੇ ਤਾਂ ਤੁਹਾਡੀ ਜ਼ਿੰਦਗੀ ਰੋਸ਼ਨ ਹੋ ਜਾਵੇਗੀ।

ਪ੍ਰਿੰਸੀਪਲ : (ਟੋਕਦੇ ਹੋਏ) ਬੱਸ ਵੀ ਕਰੋ, ਤੁਸੀਂ ਰਾਮ ਲੀਲਾ ਕਰਨੀ ਸ਼ੁਰੂ ਕਰ ਦਿੱਤੀ ਏ।

ਕੇਵਲ ਸਿੰਘ : ਜੇ ਇਹ ਰਾਮ ਲੀਲਾ ਏ ਤਾਂ ਫਿਰ ਰਾਵਣ ਜ਼ਰੂਰ ਮਰੇਗਾ।

ਬਖਤੌਰ : ਤੂੰ ਵਿਆਹ 'ਚ ਬੀਅ ਦਾ ਲੇਖਾ ਪਾ ਕੇ ਬਹਿ ਗਿਐਂ। ਕਵਿਤਾ ਸੁਨਾਉਣੀ ਏ ਤਾਂ ਕਵੀ ਦਰਬਾਰਾਂ ਵਿੱਚ ਜਾ ਕੇ ਖੱਪ ਪਾ। ਚਾਰ ਪੈਸੇ ਵੀ ਪੱਲੇ ਪੈ ਜਾਇਆ ਕਰਨਗੇ।

ਕੇਵਲ ਸਿੰਘ : ਪ੍ਰਿੰਸੀਪਲ ਸਾਹਿਬ ਤਾਂ ਹੁਕਮ ਕਰ ਸਕਦੇ ਨੇ, ਤੂੰ ਕੌਣ ਹੁੰਦੈ ਵਿੱਚ ਬੋਲਣ ਵਾਲਾ?

ਬਖਤੌਰ : ਜ਼ਰਾ ਠਹਿਰ ਜਾ, ਵੇਖ ਤੇਰੀਆਂ ਦੋੜਾਂ ਕਿਵੇਂ ਲੁਆਉਨਾਂ।

ਕੇਵਲ ਸਿੰਘ : ਵੇਖ ਲਵੀਂ ਅਧਿਆਪਕ ਆਪਣੀ ਜ਼ਮੀਰ ਦੀ ਅਵਾਜ ਜ਼ਰੂਰ ਸੁਨਣਗੇ।

ਪ੍ਰਿੰਸੀਪਲ : ਸਟਾਪ ਦਿਸ ਨਾਨ ਸੈਨਸ। ਮੈਂ ਮਾਹੌਲ ਖਰਾਬ ਨਹੀਂ ਹੋਣ ਦੇਵਾਂਗਾ।

(ਰੋਲੇ ਰੱਪੇ ਦੀਆਂ ਆਵਾਜ਼ਾਂ ਵਿੱਚ ਰੋਸ਼ਨੀ ਬੁਝਦੀ ਹੈ ਅਤੇ ਕੰਬਦੀ ਹੋਈ ਰੋਸ਼ਨੀ ਸਟੇਜ ਦੇ ਬਿਲਕੁਲ ਇੱਕ ਪਾਸੇ ਪੈਂਦੀ ਹੈ)

ਇੱਕ : (ਦੋ ਨੂੰ ਵੰਗਾਰਦਾ ਹੋਇਆ) ਜੇ ਮੇਰੇ ਉਲਟ ਬਕਵਾਸ ਕੀਤਾ ਤਾਂ ਤੇਰੇ ਸੱਤ ਟੋਟੇ ਕਰ ਦਿਆਂਗਾ।

ਦੋ : ਤੂੰ ਸਾਡੀ ਪਾਵਰ ਨਹੀਂ ਜਾਣਦਾ, ਉਸ ਥਾਂ ਸੁਟਾਂਗੇ ਤੈਨੂੰ ਜਿਥੋਂ ਤੇਰੀ ਉੱਘ ਸੁੱਘ ਨਹੀਂ ਨਿਕਲੇਗੀ।

ਇੱਕ : ਆਹ ਮੋਢੇ ਤੇ ਪਾਈਆਂ ਮੋਰਨੀਆਂ ਕਿਸੇ ਹੋਰ ਨੂੰ ਵਿਖਾਇਆ ਕਰ। ਮੇਰੇ ਵੀਹ ਯਾਰ ਨੇ ਬਾਹਰਵੀਂ ਜਮਾਤ ਦੇ, ਤੈਨੂੰ ਮਿੰਟਾਂ 'ਚ ਮਿੱਟੀ ਵਿੱਚ ਮਿਲਾ ਦੇਣਗੇ।

ਦੋ : ਤੇ ਮੇਰੇ ਤੀਹ ਯਾਰ ਨੇ ਗਿਆਰਵੀਂ ਤੇ ਬਾਹਰਵੀਂ ਜਮਾਤ ਦੇ, ਤੈਨੂੰ ਫੂਕ ਮਾਰ ਕੇ ਉਡਾ ਦੇਣਗੇ।

(ਦੋਵੇਂ ਹੱਥੋਂ ਪਾਈ ਹੁੰਦੇ ਹਨ)

ਬਖਤੌਰ : ਸ਼ਾਵਾ ਸ਼ਾਵਾ, ਮੈਚ ਚਾਲੂ ਰੱਖੋ (ਸੀਟੀ ਮਾਰਦਾ ਹੈ) ਬੜਾ ਮਜਾ ਆਉਂਦਾ ਪਿਐ। ਜਿਹੜਾ ਜਿੱਤ ਗਿਆ ਉਹਨੂੰ ਸ਼ਰਾਬ ਦੀ ਬੋਤਲ ਇਨਾਮ।

ਕੇਵਲ ਸਿੰਘ : ਨਾ ਲੜੋ ਪੁੱਤਰੋ, ਤੁਸੀਂ ਪੜ੍ਹਣ ਆਏ ਹੋ ਨਾ ਕਿ ਲੜਨ।

ਬਖਤੌਰ : ਜਵਾਨੋ, ਚੰਬੜ ਜਾਓ ਇੱਕ ਦੂਜੇ ਨੂੰ।

(ਦੋਵੇਂ ਨੌਜਵਾਨ ਜ਼ਖ਼ਮੀ ਹੋ ਕੇ 'ਹਾਏ ਹਾਏ' ਕਰਦੇ ਚਲੇ ਜਾਂਦੇ ਹਨ)

ਜੇਤਲੀ : ਸੁਫਨਾ ਵੇਖ ਦਿਲ ਕੰਬੀ ਜਾ ਰਿਹੈ। ਬਖਤੌਰੇ ਨੇ ਸੁਫਨੇ ਵਿੱਚ ਬਲਦੀ ਤੇ ਤੇਲ ਪਾ ਕੇ ਭਾਂਬੜ ਮਚਾਇਆ। ਕੇਵਲ ਸਿੰਘ ਨੇ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਉਹਨੇ ਚੰਗਾ ਕੀਤੈ।

(ਰੋਸ਼ਨੀ ਬੁੱਝਣ ਬਾਅਦ ਫਿਰ ਸਟੇਜ ਦੇ ਵਿਚਕਾਰ ਪੈਂਦੀ ਹੈ ਅਤੇ ਸਕੂਲ ਦਾ ਦ੍ਰਿਸ਼ ਨਜ਼ਰੀ ਪੈਂਦਾ ਹੈ)

ਆਵਾਜ਼ : ਸਟਾਫ਼ ਸਕੱਤਰ ਦੀ ਇਲੈਕਸ਼ਨ ਤੋਂ ਇੱਕ ਦਿਨ ਪਹਿਲਾਂ।

ਬਖਤੌਰ : ਢਿੱਲੋਂ ਸਾਹਿਬ, ਸ਼ਰਾਬ ਦੀ ਪੇਟੀ ਤੁਹਾਡੇ ਘਰ ਭੇਜ ਦਿੱਤੀ ਏ।

ਢਿੱਲੋਂ : ਮੈਂ ਕੱਲਾ ਈ ਪੂਰੀ ਪੇਟੀ....

ਬਖਤੌਰ : ਕੱਲੇ ਕਿਉਂ ਗੁਆਂਢੀਆਂ ਨੂੰ ਵੀ ਨਵਾ ਦਿਓ। ਚਾਰ ਸਟਾਫ਼ ਮੈਂਬਰ ਸ਼ਾਮੀਂ ਤੁਹਾਡੇ ਨਾਲ ਗਲਾਸੀ ਖੜਕਾਉਣਗੇ। ਆਹ ਲੈ ਹਜਾਰ ਰੁਪਿਆ ਵੀ।

ਢਿੱਲੋਂ : ਇਹ ਕਾਹਦੇ ਲਈ?

ਬਖਤੌਰ : ਸੁੱਕੀ ਥੋੜਾ ਪੀਣੀ ਏ, ਤੰਦੂਰੀ ਚਿਕਨ ਵੀ ਨਾਲ ਚਲਾ ਦਿਓ।

ਢਿੱਲੋਂ : ਚਪੜਾਸੀ ਨਹੀਂ ਨਜ਼ਰ ਆਉਂਦੇ ਕਿਤੇ?

ਬਖਤੌਰ : ਸਾਰੇ ਚਪੜਾਸੀ ਪੀ ਪੀ ਮੂਧੇ ਹੋਏ ਪਏ ਨੇ। ਕੋਈ ਸਾਲਾ ਮਰ ਈ ਨਾ ਜਾਏ ਬਹੁਤੀ ਪੀ ਕੇ। ਬਾਕੀ ਮਾਸਟਰ ਸ਼ਰਮੇ ਨੇ ਮੇਰੇ ਮੂੰਹ ਤੇ ਲਾਹ ਕੇ ਰੱਖ ਦਿੱਤੀ। ਮੌਕਾ ਆਉਣ ਤੇ ਭਾਜੀ ਮੋੜਾਂਗਾ।



ਢਿੱਲੋਂ : ਹੋਇਆ ਕੀ?

ਬਖਤੌਰ : ਦਸਣਾਂ, ਪਹਿਲਾਂ ਪੈੱਗ ਪਾ। ਆਹ ਫੜ੍ਹ ਬੋਤਲ (ਬੈਗ ਵਿੱਚੋਂ ਕੱਢ ਕੇ ਬੋਤਲ ਦਿੰਦਾ ਹੈ)

ਢਿੱਲੋਂ : ਸਕੂਲ ਵਿੱਚ ਈ ਪੈੱਗ?

ਬਖਤੌਰ : ਛੁੱਟੀ ਹੋਣ ਵਾਲੀ ਏ, ਇਧਰ ਇੱਕ ਪਾਸੇ ਕੋਈ ਨਹੀਂ ਆਉਂਦਾ। ਇੱਕ ਇੱਕ ਪੈੱਗ ਕਰੀਏ ਸ਼ੇਅਰ (ਢਿੱਲੋਂ ਦੋ ਪੈੱਗ ਬਣਾਉਂਦਾ ਹੈ) ਆਹ ਪੈੱਗ ਪਾਇਐ? ਬਣਾ ਜਰਾ ਪਟਿਆਲਾ ਪੈੱਗ। (ਦੋਵੇਂ ਹੱਸਦੇ ਹਨ)

ਢਿੱਲੋਂ : (ਪੈੱਗ ਪੀਂਦਾ ਹੋਇਆ) ਮਾਸਟਰ ਸ਼ਰਮੇ ਵਾਲੀ ਗੱਲ ਕੀ ਹੋਈ?

ਬਖਤੌਰ : ਕਲ੍ਹ ਸ਼ਾਮ ਉਹਨੂੰ ਮੈਂ ਦਿੱਤੀ ਪੀਟਰ ਸਕਾਟ ਬੋਤਲ। ਸਾਲੇ ਨੇ ਮੇਰੇ ਸਾਹਮਣੇ ਠਾਹ ਮਾਰੀ ਜਮੀਨ ਤੇ। ਸੱਤ ਸੌ ਵਿੱਚ ਪਾਣੀ ਪਾ ਕੇ ਰੱਖ ਦਿੱਤਾ। ਨਾਲੇ ਮੈਨੂੰ ਕਹਿੰਦੈ- ਗੋ ਆਊਟ ਮਤਲਬ ਦਫਾ ਹੋ ਜਾ। ਸ਼ਰਮਿਆ, ਮੈਨੂੰ ਜਿੱਤ ਲੈਣ ਦੇ, ਤੇਰੀ ਟਿੰਡ ਵਿੱਚ ਰੋੜ੍ਹਾਂਗਾ ਸ਼ਰਾਬ। ਸਾਲਾ, ਪਤਾ ਨਹੀਂ ਕਿਹੜੀ ਚੱਕੀ ਦਾ ਆਟਾ ਖਾਂਦੈ। (ਫ਼ੂਨ ਦੀ ਘੰਟੀ ਦੀ ਆਵਾਜ਼)

ਆਹੋ, ਬੱਕਰਾ ਚਾਹੀਦੈ ਕੂਲਾ। ਕਲ੍ਹ ਜਦ ਮੇਰੇ ਗਲ 'ਚ ਹਾਰ ਪੈ ਗਏ ਤਾਂ ਢੋਲ ਵੱਜੇਗਾ, ਓਦੋਂ ਤੱਕ ਤਿਆਰ ਕਰਨ ਦੀ ਵੀ ਤੇਰੀ ਹੀ ਜਿੰਮੇਵਾਰੀ ਏ। ਓ.ਕੇ.

(ਰੋਸ਼ਨੀ ਬੁੱਝ ਕੇ ਜਗਦੀ ਹੈ ਤਾਂ ਸਕੂਲ ਦਾ ਦ੍ਰਿਸ਼ ਹੀ ਪੇਸ਼ ਹੁੰਦਾ ਹੈ)

ਪਿੱਛੋਂ ਆਵਾਜ਼ : ਤੇ ਇਲੈਕਸ਼ਨ ਵਾਲਾ ਦਿਨ ਆ ਗਿਆ....

ਕੇਵਲ ਸਿੰਘ : ਜ਼ਮੀਰ ਦੀ ਆਵਾਜ਼ ਸੁਣਿਓ ਮੇਰੇ ਸਾਥੀਓ।

ਬਖਤੌਰ : ਚੱਕ ਦਿਓ ਫੱਟੇ, ਪਾ ਦਿਉ ਮੋਛੇ। (ਹੱਸਦਾ ਹੋਇਆ) ਮੈਡਮਾਂ ਭੁਗਤ ਗਈਆਂ ਆਪਣੇ ਹੱਕ 'ਚ (ਜੇਤਲੀ ਨੂੰ) ਜੇਤਲੀ, ਮਾਂਜ ਦੇ ਕੇਵਲ ਸਿੰਘ ਦੀ ਕੇਤਲੀ।

ਜੇਤਲੀ : ਕਿਵੇਂ ਚੱਲ ਰਿਹੈ?

ਬਖਤੌਰ : ਸੀ.ਆਈ.ਡੀ. ਕਹਿੰਦੀ ਏ-ਮੈਨੂੰ ਪਈਆਂ ਨੇ ਗਿਆਰਾਂ ਤੇ ਕੇਵਲ ਸਿੰਘ ਨੂੰ ਪਈਆਂ ਦਸ।

ਜੇਤਲੀ : ਪੱਕਾ ਵਿਸ਼ਵਾਸ਼ ਏ? ਜੇ ਕੋਈ ਗਦਾਰੀ ਕਰ ਗਿਆ ਹੋਇਆ.....

ਬਖਤੌਰ : ਜੇਤਲੀ ਤੁਸੀਂ ਚਾਰ ਜਣੇ ਸਾਇੰਸ ਵਾਲੇ ਪਾ ਦਿਓ ਵੋਟ ਤੇ ਨਾਲ ਈ ਕੇਵਲ ਸਿੰਘ ਦੀ ਢੋਲਕੀ ਵੱਜ ਜਾਵੇਗੀ।

ਜੇਤਲੀ : ਇੱਕ ਮਿੰਟ ਰੁੱਕ ਜਾ, ਘਰੋਂ ਜ਼ਰੂਰੀ ਫ਼ੂਨ ਆ ਰਿਹੈ। (ਆਪਣੇ ਆਪ ਨਾਲ) ਬੜੀ ਦੁਚਿੱਤੀ ਵਿੱਚ ਆਂ। ਭਾਵੇਂ ਕੇਵਲ ਸਿੰਘ ਨਾਲ ਮੇਰੀ ਜ਼ਿਆਦਾ ਨੇੜਤਾ ਨਹੀਂ ਪਰ ਬੰਦਾ ਉਹ ਅਸੂਲਾਂ ਵਾਲਾ ਏ। ਉਹਦੀ ਕਲਮ ਲੋਕਾਂ ਦੇ ਹੱਕ 'ਚ ਉੱਠਦੀ ਏ।

ਗੀਤ ਦੀ ਆਵਾਜ਼ : ਪੰਚਾਇਤ ਕੋਲ ਤੂੰ ਸਿੱਧਾ ਜਾ, ਭਾਈਆਂ ਦੇ ਝਗੜੇ ਨਿਪਟਾ।
ਠਾਣੇ ਨਾ ਤੂੰ ਰਪਟ ਲਿਖਾ, ਐਵੇਂ ਨਾ ਪਿਆ ਪੱਗ ਰੁਲਾ
ਖਾ ਕੇ ਉਥੋਂ ਝਿੜਕਾਂ ਗਾਹਲਾਂ, ਦੱਸ ਕੀ ਪੱਲੇ ਪਾਇਆ ਬਈ
ਹੁਣ ਜਾਗੋ ਆਈਆ। ਲੋਕੋ ਜਾਗ ਪਉ......

ਜੇਤਲੀ : ਇਹ ਸ਼ਬਦ ਕੇਵਲ ਸਿੰਘ ਦੇ ਨੇ। ਮੈਂ ਤੇ ਮੇਰੇ ਤਿੰਨ ਸਾਥੀ ਕੇਵਲ ਸਿੰਘ ਨੂੰ ਹੀ ਵੋਟ ਪਾਉਣਗੇ। ਅਸੀਂ ਸੱਚ ਤੇ ਪਹਿਰਾ ਦੇਵਾਂਗੇ। (ਕੇਵਲ ਸਿੰਘ ਨੂੰ) ਕੇਵਲ ਸਿੰਘ ਜੀ, ਅਸੀਂ ਚਾਰ ਜਣੇ ਵੋਟ ਤੈਨੂੰ ਹੀ ਪਾਵਾਂਗੇ।

ਕੇਵਲ ਸਿੰਘ : ਮੈਨੂੰ ਤੇਰੇ ਤੋਂ ਇਹੋ ਆਸ ਸੀ, ਇਹ ਮੇਰੀ ਜਿੱਤ ਨਹੀਂ, ਤੇਰੀ ਆਤਮਾ ਦੀ ਆਵਾਜ਼ ਦੀ ਜਿੱਤ ਏ।

ਜੇਤਲੀ : ਪਰ ਮੈਂ ਚਾਹਾਂਗਾ ਸਕੂਲ ਵਿੱਚ ਧੜੇਬਾਜੀਆਂ ਨਾ ਹੋਣ, ਸਕੂਲ ਵਿਦਿਆ ਦਾ ਮੰਦਰ ਹੈ ਨਾ ਕਿ ਸਿਆਸਤ ਦਾ ਅੱਡਾ।

ਕੇਵਲ ਸਿੰਘ : ਮੈਂ ਤੇਰੇ ਵਿਚਾਰਾਂ ਨਾਲ ਸਹਿਮਤ ਹਾਂ ਜੇਤਲੀ ਸਾਹਿਬ।
(ਦੋਵੇਂ ਜੱਫੀ ਪਾਉਂਦੇ ਹਨ)

ਬਖਤੌਰ : ਜੇਤਲੀ ਇਹ ਕੀ? ਤੂੰ ਤਾਂ ਮੇਰਾ ਦੋਸਤ ਏਂ।

ਜੇਤਲੀ : ਮੂਰਖ ਦੋਸਤ ਨਾਲੋਂ ਸਿਆਣਾ ਦੁਸ਼ਮਣ ਚੰਗਾ ਹੁੰਦੈ।

ਬਖਤੌਰ : ਜਿੱਤੀ ਬਾਜੀ ਹਾਰ ਗਏ (ਫ਼ੂਨ ਤੇ) ਬੱਕਰਾ ਨਾ ਝਟਕਾਇਓ।

ਗੀਤ ਦੀ ਆਵਾਜ਼ : ਅੱਖਰਾਂ ਦੀ ਦੁਨੀਆਂ ਸਕੂਲ, ਗਿਆਨ ਦਾ ਭੰਡਾਰ ਇਹਦੇ ਅੰਦਰ।
ਸਿਆਸਤ ਦਾ ਕੀ ਕੰਮ ਹੈ ਇਥੇ, ਇਹ ਤਾਂ ਵਿਦਿਆ ਦੇ ਨੇ ਮੰਦਰ।
(ਬਖਤੌਰ, ਜੇਤਲੀ ਅਤੇ ਕੇਵਲ ਸਿੰਘ ਸਟਿੱਲ ਹੋ ਜਾਂਦੇ ਹਨ)

❑ ❑ ❑